Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 167 | Thursday, August 25, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਬਾਇਡਨ ਨੇ ਯੂਕਰੇਨ ਨੂੰ 3 ਬਿਲੀਅਨ ਡਾਲਰ ਦੀ ਆਰਥਿਕ ਮਦਦ ਦੇਣ ਦਾ ਕੀਤਾ ਐਲਾਨ



ਵਾਸ਼ਿੰਗਟਨ, 24 ਅਗਸਤ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਹ ਯੂਕਰੇਨ ਦੀ ਫੌਜ ਦੀ ਮਦਦ ਲਈ 2•98 ਬਿਲੀਅਨ ਡਾਲਰ ਦੀ ਮਦਦ ਭੇਜ ਰਹੇ ਹਨ। ਇਸ ਨਾਲ ਉੱਥੋਂ ਦੇ ਲੋਕ ਆਉਣ ਵਾਲੇ ਕਈ ਸਾਲਾਂ ਤੱਕ ਸੰਘਰਸ਼ ਕਰਨ ਲਈ ਯੋਗ ਹੋ ਜਾਣਗੇ।

ਇੱਕ ਬਿਆਨ ਜਾਰੀ ਕਰਕੇ ਬਾਇਡਨ ਨੇ ਆਖਿਆ ਕਿ ਇਸ ਆਰਥਿਕ ਮਦਦ ਨਾਲ ਯੂਕਰੇਨ ਡਿਫੈਂਸ ਸਿਸਟਮ ਤਿਆਰ ਕਰਨ, ਤੋਪਖਾਨਾ ਤੇ ਅਸਲਾ ਅਤੇ ਹੋਰ ਗੋਲੀ ਸਿੱਕਾ ਖਰੀਦਣ, ਡਰੋਨਜ਼ ਤੇ ਹੋਰ ਸਾਜ਼ੋ ਸਮਾਨ ਦਾ ਪ੍ਰਬੰਧ ਕਰਨ ਵਿੱਚ ਕਾਮਯਾਬ ਹੋਵੇਗਾ। ਇਹ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਯੂਕਰੇਨ, ਸੋਵੀਅਤ ਯੂਨੀਅਨ ਤੋਂ 1991 ਵਿੱਚ ਆਜ਼ਾਦ ਹੋਣ ਦੀ ਆਪਣੀ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਹੈ।

ਉਨ੍ਹਾਂ ਆਖਿਆ ਕਿ ਕਈ ਯੂਕਰੇਨੀਅਨਾਂ ਲਈ ਆਜ਼ਾਦੀ ਦਿਵਸ ਕੌੜੀਆਂ ਮਿੱਠੀਆਂ ਯਾਦਾਂ ਲੈ ਕੇ ਆਇਆ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮਾਰੇ ਜਾਂ ਚੁੱਕੇ ਜਾਂ ਜ਼ਖ਼ਮੀ ਹੋਏ ਹਨ, ਕਈ ਮਿਲੀਅਨ ਆਪਣੇ ਘਰਾਂ ਤੋਂ ਬੇਘਰ ਹੋ ਗਏ ਤੇ ਕਈ ਹੋਰ ਰੂਸ ਦੀਆਂ ਵਧੀਕੀਆਂ ਤੇ ਹਮਲਿਆਂ ਦਾ ਸ਼ਿਕਾਰ ਹੋਏ। ਪਰ ਛੇ ਮਹੀਨਿਆਂ ਤੋਂ ਚੱਲ ਰਹੇ ਇਸ ਤਾਜ਼ਾ ਸੰਘਰਸ਼ ਦਰਮਿਆਨ ਯੂਕਰੇਨ ਵਾਸੀਆਂ ਦਾ ਸਿਰਫ ਸਵੈਮਾਣ ਹੀ ਨਹੀਂ ਵਧਿਆ ਸਗੋਂ ਦੁਨੀਆਂ ਦੀਆਂ ਨਜ਼ਰਾਂ ਵਿੱਚ ਕੱਦ ਵੀ ਹੋਰ ਵਧਿਆ ਹੈ।

## ਟੋਰਾਂਟੋ ਦੇ ਬਹੁਗਿਣਤੀ ਵਿਦਿਆਰਥੀਆਂ ਨੇ ਇਨ-ਪਰਸਨ ਲਰਨਿੰਗ ਲਈ ਆਪਣਾ ਨਾਂ ਕਰਵਾਇਆ ਰਜਿਸਟਰ



ਟੋਰਾਂਟੋ, 24 ਅਗਸਤ (ਪੋਸਟ ਬਿਊਰੋ) : ਸਤੰਬਰ ਵਿੱਚ ਟੋਰਾਂਟੋ ਦੇ 5,000 ਵਿਦਿਆਰਥੀਆਂ ਤੋਂ ਵੀ ਘੱਟ ਨੇ ਵਰਚੂਅਲ ਲਰਨਿੰਗ ਲਈ ਰਜਿਸਟਰ ਕੀਤਾ। ਇਹ ਪਿਛਲੇ ਸਾਲ ਦੇ ਮੁਕਾਬਲੇ ਕਾਫੀ ਘੱਟ ਅੰਕੜਾ ਸੀ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਅਨੁਸਾਰ 2022-2023 ਸਕੂਲ ਵਰ੍ਹੇ ਲਈ 3,300 ਐਲੀਮੈਂਟਰੀ ਵਿਦਿਆਰਥੀਆਂ ਨੇ ਤੇ 1500 ਸੈਕੰਡਰੀ ਵਿਦਿਆਰਥੀਆਂ ਨੇ ਆਪਣੇ ਨਾਂ ਵਰਚੂਅਲ ਲਰਨਿੰਗ ਵਾਸਤੇ ਰਜਿਟਰ ਕਰਵਾਏ। 2021-2022 ਵਿੱਚ 17000 ਐਲੀਮੈਂਟਰੀ ਵਿਦਿਆਰਥੀਆਂ ਤੇ 8,000 ਸੈਕੰਡਰੀ ਵਿਦਿਆਰਥੀਆਂ ਨੇ ਵਰਚੂਅਲ ਲਰਨਿੰਗ ਨੂੰ ਅਪਣਾਇਆ ਸੀ।

ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਅਸੀਂ ਅੰਦਾਜ਼ਾ ਲਾਇਆ ਸੀ ਕਿ ਇਸ ਵਾਰੀ ਇਹ ਗਿਣਤੀ ਕਾਫੀ ਘੱਟ ਰਹੇਗੀ। ਉਨ੍ਹਾਂ ਆਖਿਆ ਕਿ ਕਈਆਂ ਨੂੰ ਲੱਗਦਾ ਹੈ ਕਿ ਇਨ-ਪਰਸਨ ਲਰਨਿੰਗ ਉਨ੍ਹਾ ਲਈ ਬਿਹਤਰ ਰਹੇਗੀ ਜਦਕਿ ਹੋਰਨਾਂ ਨੂੰ ਲੱਗਦਾ ਹੈ ਕਿ ਵਰਚੂਅਲ ਲਰਨਿੰਗ ਉਨ੍ਹਾਂ ਵਾਸਤੇ ਸਹੀ ਹੈ।

ਉਨ੍ਹਾਂ ਆਖਿਆ ਕਿ ਸਤੰਬਰ ਲਈ ਟੀਡੀਐਸਬੀ ਅਜੇ ਵੀ ਗਾਇਡੈਂਸ ਫਾਈਨਲ ਕਰ ਰਿਹਾ ਹੈ ਪਰ ਕਲਾਸਾਂ ਪਿਛਲੇ ਸਾਲ ਵਾਂਗ ਹੀ ਲੱਗਣਗੀਆਂ ਕਿਉਂਕਿ ਕੋਵਿਡ-19 ਦੇ ਬਹੁਤੇ ਨਿਯਮ ਪਹਿਲਾਂ ਵਰਗੇ ਹੀ ਹਨ। ਸਿੱਖਿਆ ਮੰਤਰਾਲੇ ਵੱਲੋਂ ਭਾਵੇਂ ਬਹੁਤੇ ਸਿਹਤ ਤੇ ਸੇਫਟੀ ਮਾਪਦੰਡ ਹਟਾ ਲਏ ਗਏ ਹਨ ਪਰ ਕੁੱਝ ਅਜੇ ਵੀ ਪਹਿਲਾਂ ਵਾਂਗ ਹੀ ਬਣੇ ਹੋਏ ਹਨ।

## ਕੈਨੇਡੀਅਨਜ਼ ਦੀ ਟਰੈਵਲ ਕਰਨ ਦੀ ਇੱਛਾ ਦਾ ਸਹੀ ਅੰਦਾਜ਼ਾ ਨਹੀਂ ਲਗਾ ਸਕੀ ਸਰਕਾਰ : ਕੁਤਰਾਕਿਸ




ਕੈਲਗਰੀ, 24 ਅਗਸਤ (ਪੋਸਟ ਬਿਊਰੋ) : ਇੱਕ ਮੈਂਬਰ ਪਾਰਲੀਆਮੈਂਟ ਨੇ ਆਖਿਆ ਕਿ ਜਿਸ ਸਮੇਂ ਮਹਾਂਮਾਰੀ ਤੋਂ ਬਾਅਦ ਪਾਬੰਦੀਆਂ ਹਟਾਈਆਂ ਗਈਆਂ ਤਾਂ ਆਮ ਵਰਗੀ ਜ਼ਿੰਦਗੀ ਵੱਲ ਪਰਤਣ ਦੀ ਯੋਜਨਾ ਬਣਾਉਂਦੇ ਸਮੇਂ ਫੈਡਰਲ ਸਰਕਾਰ ਕੈਨੇਡੀਅਨਜ਼ ਦੀ ਟਰੈਵਲ ਕਰਨ ਦੀ ਇੱਛਾ ਦਾ ਸਹੀ ਅੰਦਾਜ਼ਾ ਲਾਉਣ ਵਿੱਚ ਅਸਮਰੱਥ ਰਹੀ।

ਇਨ੍ਹਾਂ ਗਰਮੀਆਂ ਵਿੱਚ ਏਅਰਲਾਈਨਜ਼ ਤੇ ਏਅਰਪੋਰਟਸ ਗਾਹਕਾਂ ਦੇ ਆਏ ਹੜ੍ਹ ਨੂੰ ਕਾਬੂ ਵਿੱਚ ਰੱਖ ਪਾਉਣ ਤੋਂ ਅਸਮਰੱਥ ਰਹੇ। ਇੱਕ ਪਾਸੇ ਟਰੈਵਲਰਜ਼ ਦਾ ਪੂਰਾ ਜ਼ੋਰ ਵੇਖਣ ਨੂੰ ਮਿਲਿਆ ਤੇ ਦੂਜੇ ਪਾਸੇ ਸਟਾਫ ਦੀ ਘਾਟ ਨਾਲ ਏਅਰਲਾਈਨਜ਼ ਤੇ ਏਅਰਪੋਰਟਸ ਜੂਝਦੇ ਨਜ਼ਰ ਆਏ। ਨਤੀਜੇ ਵਜੋਂ ਟਰੈਵਲਰਜ਼ ਨੂੰ ਏਅਰਪੋਰਟਸ, ਖਾਸ ਤੌਰ ਉੱਤੇ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ, ਉੱਤੇ ਫਲਾਈਟਸ ਰੱਦ ਹੋਣ, ਸਮਾਨ ਮਿਲਣ ਵਿੱਚ ਦੇਰ ਹੋਣ ਤੇ ਲੰਮੀਆਂ ਲਾਈਨਾਂ ਵਿੱਚ ਲੱਗੇ ਰਹਿਣ ਵਰਗੀਆਂ ਦਿੱਕਤਾਂ ਦਾ ਸਾਹ-ਮਣਾ ਕਰਨਾ ਪਿਆ। ਪਿਛਲੇ ਮਹੀਨੇ ਨਿੱਕੀ ਜਿਹੀ ਗੜਬੜੀ ਕਾਰਨ ਐਰਾਈਵਕੈਨ ਐਪ ਨੇ 10,200 ਟਰੈਵਲਰਜ਼ ਨੂੰ 10 ਦਿਨਾਂ ਲਈ ਕੁਆਰਨਟੀਨ ਹੋਣ ਦੀ ਹਦਾਇਤ ਕੀਤੀ ਜਦਕਿ ਉਨ੍ਹਾਂ ਨੂੰ ਅਜਿਹਾ ਕਰਨ ਦੀ ਲੋੜ ਵੀ ਨਹੀਂ ਸੀ। ਟਰਾਂਸਪੋਰਟ ਮੰਤਰੀ ਦੀ ਪਾਰਲੀਆਮੈਂਟਰੀ ਸਕੱਤਰ ਐਨੀ ਕੁਤਰਾਕਿਸ ਨੇ ਮੰਗਲਵਾਰ ਨੂੰ ਕੈਲਗਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਆਮ ਜ਼ਿੰਦਗੀ ਵੱਲ ਪਰਤਣ ਦਾ ਅੰਦਾਜ਼ਾ ਲਾਉਣ ਵਿੱਚ ਕਿਤੇ ਨਾ ਕਿਤੇ ਕੋਈ ਭੁੱਲ ਚੁੱਕ ਹੋ ਗਈ। ਮਹਾਂਮਾਰੀ ਵਿੱਚ ਫਸੇ ਰਹਿਣ ਤੋਂ ਬਾਅਦ ਜਦੋਂ ਹੀ ਖੁੱਲ੍ਹ ਮਿਲੀ ਤਾਂ ਹਰ ਕੋਈ ਟਰੈਵਲ ਕਰਨ ਦਾ ਚਾਹਵਾਨ ਸੀ ਤੇ ਉਹ ਵੀ ਇੱਕੋ ਸਮੇਂ ਟਰੈਵਲ ਕਰਨਾ ਚਾਹੁੰਦਾ ਸੀ।

ਆਖਿਆ ਕਿ ਸਰਕਾਰ ਨੂੰ ਵੀ ਪਹਿਲੀ ਵਾਰੀ ਮਹਾਂਮਾਰੀ ਦਾ ਸਾਹਮਣਾ ਕਰਨਾ ਪਿਆ ਤੇ ਕਈ ਸਬਕ ਵੀ ਪਹਿਲੀ ਵਾਰੀ ਸਿੱਖਣ ਨੂੰ ਮਿਲ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਹਾਊਸ ਆਫ ਕਾਮਨਜ਼ ਦੀ ਕਮੇਟੀ ਸਾਹਮਣੇ ਜਦੋਂ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਪੇਸ਼ ਹੋਏ ਤਾਂ ਉਨ੍ਹਾਂ ਨੂੰ ਲੰਮੇਂ ਹੱਥੀਂ ਲਿਆ ਗਿਆ। ਇਸ ਦੌਰਾਨ ਕੁਤਰਾਕਿਸ ਨੇ ਐਲਾਨ ਕੀਤਾ ਕਿ ਕੈਲਗਰੀ ਇੰਟਰਨੈਸ਼ਨਲ ਏਅਰਪੋਰਟ ਦੀ ਮਦਦ ਕਰਨ ਲਈ ਸਰਕਾਰ 2 ਮਿਲੀਅਨ ਡਾਲਰ ਦੇਵੇਗੀ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

OURR HOME APPLIANCES
Late Summer TREATS
$3199
$1599
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence St Brampton, On L6W 3E7, (416) 551 3343
44 Fasken Dr # 2-9 Etobicoke, On M9W 5M3, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L6 516-641-1010
WWW.OURRHOMEAPPLIANCES.COM
(416) 792-0877 (416) 551 3343

MUFFIN'S Pure Vegetarian
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਟੋਰਾਂਟੋ ਵਿੱਚ ਘਟਣ ਤੋਂ ਬਾਅਦ ਇੱਕਦਮ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ

ਟੋਰਾਂਟੋ, 24 ਅਗਸਤ (ਪੋਸਟ ਬਿਊਰੋ) : ਟੋਰਾਂਟੋ ਤੇ ਜੀਟੀਏ ਦੇ ਬਹੁਤੇ ਹਿੱਸਿਆਂ ਵਿੱਚ ਗੈਸ ਦੀਆਂ ਕੀਮਤਾਂ ਘੱਟ ਹੋਈਆਂ ਹਨ ਤੇ ਪਿਛਲੇ ਮਹੀਨੇ ਦੇ ਮੁਕਾਬਲੇ ਸਥਿਰ ਵੀ ਹਨ ਪਰ ਇਹ ਚੰਗੇ ਦਿਨ ਬਹੁਤੀ ਦੇਰ ਨਹੀਂ ਰਹਿਣ ਵਾਲੇ।

ਐਨ-ਪ੍ਰੋ ਇੰਟਰਨੈਸ਼ਨਲ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ



ਮੈਕਨਾਈਨ ਨੇ ਦੱਸਿਆ ਕਿ ਜੀਟੀਏ ਦੇ ਬਹੁਤੇ ਸਟੇਸ਼ਨਾਂ ਉੱਤੇ ਗੈਸ ਦੀਆਂ ਕੀਮਤਾਂ ਵੀਰਵਾਰ ਨੂੰ ਇੱਕ ਸੈਂਟ ਹੋਰ ਡਿੱਗਣ ਦੀ ਉਮੀਦ ਹੈ।ਅਗਸਤ ਵਿੱਚ 1.749 ਡਾਲਰ ਪ੍ਰਤੀ ਲੀਟਰ ਤੱਕ ਰਹਿਣ ਤੋਂ ਬਾਅਦ ਇਸ ਮਹੀਨੇ ਗੈਸ ਦੀਆਂ ਇਹ ਸੱਭ ਤੋਂ ਘੱਟ ਕੀਮਤਾਂ ਹਨ। ਮੈਕਨਾਈਟ ਨੇ ਆਖਿਆ ਕਿ ਪਹਿਲਾਂ ਨਾਲੋਂ ਗੈਸ ਦੀ ਮੰਗ ਵੀ ਥੋੜ੍ਹੀ ਮੱਠੀ ਪਈ ਹੈ।ਉਨ੍ਹਾਂ ਆਖਿਆ ਕਿ ਦੱਖਣੀ ਓਨਟਾਰੀਓ ਵਿੱਚ ਠੰਢ ਵਧਣ ਨਾਲ ਇਨ੍ਹਾਂ ਕੀਮਤਾਂ ਵਿੱਚ ਮੁੜ ਵਾਧਾ ਹੋ ਸਕਦਾ ਹੈ।

ਉਨ੍ਹਾਂ ਆਖਿਆ ਕਿ ਸਾਲ ਦੇ ਅੰਤ ਵਿੱਚ ਗੈਸ ਦੀਆਂ ਕੀਮਤਾਂ ਡੀਜ਼ਲ ਦੀਆਂ ਕੀਮਤਾਂ ਉੱਤੇ ਨਿਰਭਰ ਕਰਨਗੀਆਂ। ਜੇ ਡੀਜ਼ਲ ਦੀਆਂ ਕੀਮਤਾਂ ਵੱਧਦੀਆਂ ਹਨ ਤਾਂ ਗੈਸੋਲੀਨ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਵੇਗਾ। ਜੇ ਕਿਤੇ ਠੰਢ ਵੱਧਦੀ ਹੈ ਤਾਂ ਡੀਜ਼ਲ ਦੀਆਂ ਕੀਮਤਾਂ ਤੇਲ ਦੀਆਂ ਕੀਮਤਾਂ ਸਮੇਤ ਇੱਕਦਮ ਅਸਮਾਨੀ ਚੜ੍ਹ ਜਾਣਗੀਆਂ।

# 2043 ਤੱਕ ਓਨਟਾਰੀਓ ਦੀ ਆਬਾਦੀ ਵਿੱਚ ਹੋਵੇਗਾ ਵੱਡਾ ਵਾਧਾ : ਸਟੈਟੇਸਟਿਕਸ ਕੈਨੇਡਾ

ਓਨਟਾਰੀਓ, 24 ਅਗਸਤ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਇੱਕ ਨਵੀਂ ਰਿਪੋਰਟ ਅਨੁਸਾਰ ਅਗਲੇ ਦੋ ਦਹਾਕਿਆਂ ਵਿੱਚ ਓਨਟਾਰੀਓ ਦੀ ਆਬਾਦੀ ਵਿੱਚ ਵੱਡਾ ਵਾਧਾ ਹੋ ਸਕਦਾ ਹੈ।



2021 ਦੇ ਮਰਦਮਸ਼ੁਮਾਰੀ ਦੇ ਡਾਟਾ ਦੇ ਅਧਾਰ ਉੱਤੇ ਫੈਡਰਲ ਏਜੰਸੀ ਵੱਲੋਂ ਇਹ ਕਿਆਫਾ ਪੇਸ਼ ਕੀਤਾ ਗਿਆ। ਇਸ ਸਮੇਂ ਓਨਟਾਰੀਓ ਵਿੱਚ ਅੰਦਾਜ਼ਨ 14, 826,000 ਲੋਕ ਹਨ। ਰਿਪੋਰਟ ਅਨੁਸਾਰ ਇਹ ਦਰਮਿਆਨਾ ਵਿਕਾਸ ਦਰਸਾਉਂਦਾ ਹੈ। ਇਸ ਤੋਂ ਮਤਲਬ ਹੈ ਕਿ ਓਨਟਾਰੀਓ ਵਿੱਚ 4.2 ਮਿਲੀਅਨ ਨਵੇਂ ਰੈਜ਼ੀਡੈਂਟਸ ਹੋਣਗੇ।

ਸਟੈਟੇਸਟਿਕਸ ਕੈਨੇਡਾ ਦੇ ਡੈਮੋਗ੍ਰੈਫਰ ਪੈਟਰਿਸ ਡਿਓਨ ਨੇ ਆਖਿਆ ਕਿ ਓਨਟਾਰੀਓ ਵਿੱਚ ਆਬਾਦੀ ਵਿੱਚ ਵਾਧਾ ਹੋਰਨਾਂ ਪ੍ਰੋਵਿੰਸਾਂ ਦੇ ਮੁਕਾਬਲੇ ਵੱਧ ਹੈ ਹਾਲਾਂਕਿ ਮਹਾਂਮਾਰੀ ਦੌਰਾਨ ਮੈਰੀਟਾਈਮਜ਼, ਕਿਊਬਿਕ ਤੇ ਬ੍ਰਿਟਿਸ਼ ਕੋਲੰਬੀਆ ਵੱਲ ਵੀ ਲੋਕ ਮਾਈਗ੍ਰੇਟ ਕੀਤੇ ਹਨ। ਡਿਓਨ ਨੇ ਇਹ ਵੀ ਪਾਇਆ ਕਿ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲੋਂ ਇੱਥੇ ਆਬਾਦੀ ਉਮਰਦਰਾਜ਼ ਹੋ ਰਹੀ ਹੈ।

ਰਿਪੋਰਟ ਵਿੱਚ ਆਖਿਆ ਗਿਆ ਕਿ ਆਪਣੀ ਆਬਾਦੀ ਨੂੰ ਨੰਵਿਆਉਣ ਲਈ ਕੈਨੇਡਾ ਨੂੰ ਬਹੁਤਾ ਕਰਕੇ ਇਮੀਗ੍ਰੇਸ਼ਨ ਪੱਧਰ ਉੱਤੇ ਨਿਰਭਰ ਰਹਿਣਾ ਹੋਵੇਗਾ। ਉਹ ਵੀ ਅਜਿਹੇ ਸੰਦਰਭ ਵਿੱਚ ਜਦੋਂ ਇੱਥੇ ਜਨਣ ਸ਼ਕਤੀ ਦਰ ਘੱਟਦੀ ਜਾ ਰਹੀ ਹੈ।

# ਚਾਕੂ ਨਾਲ ਇੱਕ ਵਿਅਕਤੀ ਉੱਤੇ ਹਮਲਾ ਕਰਨ ਵਾਲਾ ਮਸ਼ਕੂਕ ਗ੍ਰਿਫਤਾਰ


ਇਟੋਬੀਕੋ, 24 ਅਗਸਤ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਇਟੋਬੀਕੋ ਵਿੱਚ ਚਾਕੂ ਲੈ ਕੇ ਇੱਕ ਵਿਅਕਤੀ ਦਾ ਪਿੱਛਾ ਕਰਨ ਵਾਲੇ ਮਸ਼ਕੂਕ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ।




ਟੋਰਾਂਟੋ ਪੁਲਿਸ ਨੂੰ ਛੁਰੇਬਾਜ਼ੀ ਦੀ ਖਬਰ ਦੇ ਕੇ ਦੁਪਹਿਰੇ 11:00 ਵਜੇ ਦ ਈਸਟ ਮਾਲ ਤੇ ਰੈਥਬਰਨ ਰੋਡ ਉੱਤੇ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਹੱਥ ਵਿੱਚ ਚਾਕੂ ਲੈ ਕੇ ਇੱਕ ਵਿਅਕਤੀ ਦੂਜੇ ਦਾ ਪਿੱਛਾ ਕਰ ਰਿਹਾ ਸੀ। ਜਿਵੇਂ ਹੀ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਦੋਵਾਂ ਨੇ ਹੱਥੋਪਾਈ ਸ਼ੁਰੂ ਕਰ ਦਿੱਤੀ।

ਪੈਰਾਮੈਡਿਕਸ ਨੇ ਦੱਸਿਆ ਕਿ ਇਸ ਝੜਪ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਤੇ ਉਨ੍ਹਾਂ ਵੱਲੋਂ ਇਸ ਮਾਮਲੇ ਨੂੰ ਹਮਲੇ ਦਾ ਦਰਜਾ ਦਿੱਤਾ ਗਿਆ। ਦੋਵਾਂ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਇਲਾਜ ਲਈ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਚਾਕੂ ਲਿਆਉਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਅੱਜ ਨਾਮਾ

ਅਸਲੋਂ ਈ ਬਦਲਦਾ ਭਾਰਤ ਦਾ ਹਾਲ ਜਾਂਦੈ,
ਇੱਕੋ ਈ ਸੇਠ ਦੀ ਗੁੱਡੀ ਜਿਹੀ ਚੜ੍ਹੀ ਬੇਲੀ।
ਸੁਣਦੀ ਜਿਨ੍ਹਾਂ ਦੀ ਚੜ੍ਹਤ ਸੀ ਬਹੁਤ ਪਹਿਲਾਂ,
ਹੋ ਗਈ ਉਨ੍ਹਾਂ ਦੀ ਚੜ੍ਹਤ ਜਿਹੀ ਖੜੀ ਬੇਲੀ।
ਬੁੜ-ਬੁੜ ਜਿਹੀ ਆ ਉਨ੍ਹਾਂ ਦੀ ਸੁਣੀ ਜਾਂਦੀ,
ਸੁਣੀਦੀ ਜਿਨ੍ਹਾਂ ਦੀ ਬਾਹਲੀ ਸੀ ਤੜ੍ਹੀ ਬੇਲੀ।
ਹਵਾਈ ਕੁੱਕੜ ਜੋ ਹਵਾ ਨਾਲ ਘੁੰਮਣ ਗਿੱਝੇ,
ਚਾਲੀਸਾ ਇੱਕੋ ਦਾ ਜਾਵਣ ਪਏ ਪੜ੍ਹੀ ਬੇਲੀ।
ਮੁਸ਼ਕਲ ਉਨ੍ਹਾਂ ਲਈ ਜਿਨ੍ਹਾਂ ਦੇ ਮੋਢਿਆਂ'ਤੇ,
ਰੁਕਿਆ ਸੋਚਣ ਤੋਂ ਹਾਲੇ ਨਹੀਂ ਸਿਰ ਬੇਲੀ।
ਹਾਲਤ ਭਾਰਤ ਦੀ ਵੇਖਣ ਤਾਂ ਕਹੀ ਜਾਵਣ,
ਭਲੇ ਦਿਨ ਆਉਣਗੇ, ਕਦੋਂ ਕੁ ਫਿਰ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਵਾਸੀਆਂ ਨੂੰ ਵੱਡੀ ਸੌਗਾਤ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੈਂਸਰ ਹਸਪਤਾਲ ਦਾ ਉਦਘਾਟਨ

## * ਮਾਨ ਨੇ ਹਸਪਤਾਲ ਨੂੰ ਪੰਜਾਬ ਲਈ ਸਭ ਤੋਂ ਵੱਡਾ ਤੋਹਫ਼ਾ ਦੱਸਿਆ





ਚੰਡੀਗੜ੍ਹ, 24 ਅਗਸਤ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਬੁੱਧਵਾਰ ਪੰਜਾਬ ਵਾਸੀਆਂ ਨੂੰ ਵੱਡੀ ਸੌਗਾਤ ਦੇਂਦੇ ਹੋਏ ਚੰਡੀਗੜ੍ਹ ਨੇੜੇ ਮੁੱਲਾਂਪੁਰ ਗਰੀਬਦਾਸ ਵਿਖੇ ਹੋਮੀ ਭਾਬਾ ਕੈਂਸਰ ਹਸਪਤਾਲ ਦਾ ਉਦਘਾਟਨ ਕੀਤਾ ਹੈ। ਇਸ ਮੌਕੇ ਉਨ੍ਹਾਂ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਤੇ ਪੰਜਾਬ ਦੇ ਸਾਰੇ ਮੰਤਰੀਆਂ ਤੋਂ ਇਲਾਵਾ ਪ੍ਰਮੁੱਖ ਹਸਤੀਆਂ ਮੌਜੂਦ ਹਨ। ਇਸ 600 ਕਰੋੜ ਰੁਪਏ ਲਾਗਤ ਨਾਲ ਬਣੇ ਹਸਪਤਾਲ ਦਾ ਲਾਭ ਪੰਜਾਬ ਤੋਂ ਇਲਾਵਾ ਨਾਲ ਲਗਦੇ ਰਾਜਾਂ ਦੇ ਲੋਕਾਂ ਨੂੰ ਵੀ ਮਿਲੇਗਾ।

ਹਸਪਤਾਲ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀਨਰਿੰਦਰ ਮੋਦੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿਪੰਜਾਬ ਦੇ ਨਾਲ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰਵੀ ਹੋਮੀ ਭਾਬਾ ਕੈਂਸਰ ਹਸਪਤਾਲ ਤੇ ਰਿਸਰਚ ਸੈਂਟਰ ਦਾਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਘੁਲਾਟੀਆਂ ਦੀ ਪਵਿੱਤਰ ਧਰਤੀ ਪੰਜਾਬ ਵਾਂਗ ਜੇ ਭਾਰਤ ਦੇ ਲੋਕਾਂ ਨੂੰ ਇਲਾਜ ਲਈ ਆਧੁਨਿਕ ਹਸਪਤਾਲ ਮਿਲਣ, ਆਧੁਨਿਕ ਸਹੂਲਤਾਂ ਮਿਲਣ ਤਾਂ ਉਹ ਛੇਤੀ ਸਿਹਤਮੰਦ ਹੋਣਗੇ ਤੇ ਉਨ੍ਹਾਂ ਦੀ ਊਰਜਾ ਸਹੀ ਦਿਸ਼ਾ ਵਿੱਚ ਲੱਗੇਗੀ। ਉਨ੍ਹਾਂ ਕਿਹਾ ਕਿ ਇਸ ਹੋਮੀ ਭਾਬਾ ਕੈਂਸਰ ਹਸਪਤਾਲ ਤੇ ਰਿਸਰਚ ਸੈਂਟਰ ਬਣਾਉਣ ਦੇ ਕੰਮ ਵਿੱਚ ਕੇਂਦਰ ਸਰਕਾਰ ਦੇ ਟਾਟਾ ਮੈਮੋਰੀਅਲ ਸੈਂਟਰ ਦੀਵੱਡੀ ਭੂਮਿਕਾ ਹੈ।ਉਨ੍ਹਾ ਕਿਹਾ ਕਿ ਹਿਮਾਚਲ ਦੇ ਦੂਰ-ਦੁਰਾਡੇ ਖੇਤਰਾਂ ਤੋਂ ਲੋਕ ਕੈਂਸਰ ਸਣੇ ਕਈ ਬੀਮਾਰੀਆਂ ਦੇ ਇਲਾਜ ਲਈਚੰਡੀਗੜ੍ਹ ਪੀ ਜੀ ਆਈ ਆਉਂਦੇ ਸਨ ਅਤੇ ਪੀ ਜੀ ਆਈ ਵਿੱਚ ਭੀੜ ਹੋਣ ਕਾਰਨ ਉਨ੍ਹਾ ਨੂੰ ਕਈ ਪਰੇਸ਼ਾਨੀਆਂ ਸਨ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ 22 ਕਰੋੜ ਲੋਕਾਂ ਵਿੱਚ ਕੈਂਸਰ ਦੀ ਸਕਰੀਨਿੰਗ ਕੀਤੀ ਗਈ ਤਾਂ ਇਕੱਲੇ ਪੰਜਾਬ ਵਿੱਚ ਕੈਂਸਰ ਦੇ 60 ਲੱਖ ਮਰੀਜ਼ਾਂ ਦੀ ਸਕਰੀਨਿੰਗ ਹੋਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੈਂਸਰ ਤੋਂ ਡਰਨ ਦੀ ਨਹੀਂ, ਲੜਨ ਦੀ ਲੋੜ ਹੈ ਤੇ ਇਸ ਦਾ ਇਲਾਜ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਲੋਕਾਂ ਨੂੰ ਜਾਣਦੇ ਹਨ, ਜੋ ਕੈਂਸਰ ਰੋਗਨੂੰ ਹਰਾ ਕੇ ਮਸਤ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕੈਂਸਰ ਦੀ ਲੜਾਈ ਵਿੱਚ ਜੋ ਮਦਦ ਚਾਹੀਦੀ ਹੈ, ਕੇਂਦਰ ਸਰਕਾਰਦੇ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬਠਿੰਡਾ ਵਿੱਚ ਏਮਜ਼ ਹਸਪਤਾਲ ਵੀ ਬਿਹਤਰੀਨ ਸੇਵਾਵਾਂ ਦੇ ਰਿਹਾ ਹੈ।

ਹੋਮੀ ਭਾਬਾ ਕੈਂਸਰ ਹਸਪਤਾਲ ਤੇ ਖੋਜ ਕੇਂਦਰ ਦਾਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਉਦਘਾਟਨ ਕਰਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਇਸਲਈ ਸਭ ਤੋਂ ਵੱਡਾ ਤੋਹਫ਼ਾ ਦੱਸ ਕੇਕਿਹਾ ਕਿ ਕੈਂਸਰ ਪ੍ਰਭਾਵਿਤ ਪੰਜਾਬ, ਖ਼ਾਸ ਕਰਕੇ ਮਾਲਵਾ ਖੇਤਰ ਨੂੰ ਇਸ ਰੋਗ ਵਿਰੁੱਧ ਲੜਾਈ ਵਿੱਚ ਇਹ ਕੇਂਦਰ ਮਦਦ ਦੇਵੇਗਾ।ਉਨ੍ਹਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ, 'ਬੋਲ ਚਾਲ ਵਿੱਚ ਪੰਜਾਬੀਆਂ ਨੂੰ ਕੈਂਸਰ ਦਾ ਨਾਂ ਲੈਣ ਤੋਂ ਵੀ ਡਰ ਲੱਗਦਾ ਹੈ, ਕਿਉਂਕਿ ਇਸ ਦਾ ਇਲਾਜ ਬਹੁਤ ਮਹਿੰਗਾ ਹੈ, ਪਰ ਇਹ ਕੈਂਸਰ ਇਲਾਜ ਕੇਂਦਰ ਇਸ ਖੇਤਰ ਲਈ ਪਹੁੰਚਯੋਗ ਤੇ ਸਸਤਾ ਇਲਾਜ ਯਕੀਨੀ ਕਰਨ ਲਈ ਮੀਲ-ਪੱਥਰ ਸਾਬਤ ਹੋਵੇਗਾ।" ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਭਾਰਤ ਨੂੰ ਅਨਾਜ ਪੱਖੋਂ ਆਤਮ ਨਿਰਭਰ ਕਰਨ ਵਿੱਚਪੰਜਾਬਦੀ ਅਹਿਮ ਭੂਮਿਕਾ ਸੀ, ਪਰ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵੱਧ ਵਰਤੋਂ ਨਾਲ ਪੰਜਾਬ ਦੇ ਲੋਕ ਕੈਂਸਰ ਦੀ ਬਿਮਾਰੀ ਦੀ ਲਪੇਟ ਵਿੱਚ ਆਏ ਸਨ।ਉਨ੍ਹਾ ਕਿਹਾ ਕਿ ਇਹ ਹਸਪਤਾਲ ਨਾ ਸਿਰਫ਼ ਕੈਂਸਰ ਪੀੜਤ ਮਰੀਜ਼ਾਂ ਦਾ ਇਲਾਜ, ਸਗੋਂ ਖੋਜ ਕਾਰਜਾਂ ਦੇ ਰਾਹੀਂ ਇਸ ਦੀ ਰੋਕਥਾਮ ਨੂੰ ਯਕੀਨੀ ਬਣਾਉਣ ਵਿੱਚ ਵੀ ਸਹਾਈ ਹੋਵੇਗਾ।ਮੁੱਖ ਮੰਤਰੀ ਨੇ ਇਸ ਗੱਲਦੀ ਤਸੱਲੀ ਪ੍ਰਗਟਾਈ ਕਿ ਸੰਗਰੂਰ ਵਿੱਚ 100 ਬਿਸਤਰਿਆਂ ਦਾ ਹੋਮੀ ਭਾਬਾ ਕੈਂਸਰ ਹਸਪਤਾਲ ਲੋਕਾਂ ਨੂੰ ਕੈਂਸਰ ਦਾ ਵਧੀਆ ਇਲਾਜ ਦੇ ਰਿਹਾ ਹੈ ਤੇ ਉਸ ਹਸਪਤਾਲ ਵਿੱਚਅੱਜ ਤੱਕ ਤਕਰੀਬਨ 37,000 ਮਰੀਜ਼ਾਂ ਦਾ ਸਫ਼ਲ ਇਲਾਜ ਹੋ ਚੁੱਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਨਿਊ ਚੰਡੀਗੜ੍ਹ ਵਿਖੇ ਬਣਿਆ ਇਹ ਕੇਂਦਰ ਪੰਜਾਬ ਅਤੇ ਗੁਆਂਢੀ ਰਾਜਾਂ ਜੰਮੂ-ਕਸ਼ਮੀਰ, ਹਿਮਾ-ਚਲ ਪ੍ਰਦੇਸ਼, ਹਰਿਆਣਾ, ਉਤਰਾਖੰਡ ਅਤੇ ਰਾਜਸਥਾਨ ਨੂੰ ਵੀ ਚੰਗਾ ਕੈਂਸਰ ਇਲਾਜ ਦੇਵੇਗਾ।ਉਨ੍ਹਾਦੱਸਿਆ ਕਿ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਕੈਂਸਰ ਦੇ 69000 ਮਰੀਜ਼ਾਂ ਲਈ 888 ਕਰੋੜ ਰੁਪਏ ਪ੍ਰਵਾਨ ਕੀਤੇ ਜਾ ਚੁੱਕੇਹਨ।ਪੰਜਾਬ ਨੂੰ ਦੇਸ਼ ਦੀ ਮੁੰਦਰੀ ਦਾ ਨਗ ਦੱਸ ਕੇਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਪੁਰਾਤਨ ਸ਼ਾਨ ਬਹਾਲ ਕਰਨ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਾਕਾਮੀ ਕਾਰਨ ਸ਼ੁਰੂ ਵਿੱਚ ਸਰਕਾਰ ਨੂੰ ਕਾਨੂੰਨ ਵਿਵਸਥਾ ਪੱਖੋਂ ਕੁਝ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਅੱਜ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਆ ਚੁੱਕੇ ਹਨ।

ਹਸਪਤਾਲ ਦੇ ਉਦਘਾਟਨ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ਼ਾਲ ਤੇ ਸ੍ਰੀ ਹਰਿਮੰਦਰ ਸਾਹਿਬ ਦਾ ਇੱਕ ਮਾਡਲ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਗਵਰਨਰਪੰਜਾਬ ਬਨਵਾਰੀ ਲਾਲ ਪੁਰੋਹਿਤ, ਕੇਂਦਰੀ ਰਾਜ ਮੰਤਰੀ ਜਤਿੰਦਰ ਸਿੰਘ, ਹਲਕਾ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਤੇ ਬਹੁਤ ਸਾਰੀਆਂ ਹੋਰ ਪ੍ਰਮੁੱਖ ਸਖਸ਼ੀਅਤਾਂ ਵੀ ਸਮਾਗਮ ਵਿੱਚ ਮੌਜੂਦ ਸਨ।

# ਫਾਰਮ ਵਿੱਚ ਵਾਪਰੇ ਹਾਦਸੇ ਵਿੱਚ ਬੱਚੇ ਦੀ ਹੋਈ ਮੌਤ

ਟੋਰਾਂਟੋ, 24 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਉੱਤਰਪੂਰਬੀ ਹਿੱਸੇ ਦੇ ਪੇਂਡੂ ਏਰੀਆ ਵਿੱਚ ਵਾਪਰੇ ਹਾਦਸੇ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਮੰਗਲਵਾਰ ਰਾਤ ਨੂੰ ਪੁਲਿਸ ਅਧਿਕਾਰੀਆਂ ਨੂੰ ਇੱਕ ਕਾਲ ਆਇਆ ਕਿ ਕਵਾਰਥਾ ਲੇਕਸ, ਓਨਟਾਰੀਓ ਵਿੱਚ ਐਮਿਲੀ ਟਾਊਨਸ਼ਿਪ ਕਮਿਊਨਿਟੀ ਵਿੱਚ ਇੱਕ ਬੱਚਾ ਸਕਿੱਡ ਸਟੀਅਰ ਹੇਠਾਂ ਫਸ ਗਿਆ ਹੈ। ਉਨ੍ਹਾਂ ਦੱਸਿਆ ਕਿ ਜਦੋਂ 7:30 ਦੇ ਨੇੜੇ ਤੇੜੇ ਪੁਲਿਸ ਅਧਿਕਾਰੀ ਤੇ ਪੈਰਾਮੈਡਿਕਸ ਉੱਥੇ ਪਹੁੰਚੇ ਤਾਂ ਬੱਚਾ ਮਸ਼ੀਨ ਦੇ ਹੇਠਾਂ ਹੀ ਫਸਿਆ ਹੋਇਆ ਸੀ। ਪੁਲਿਸ ਨੇ ਦੱਸਿਆ ਕਿ ਬੱਚੇ ਦੀ ਮੌਕੇ ਉੱਤੇ ਹੀ ਮੌਤ ਹੋ ਗਈ।ਮਾਮਲੇ ਦਾ ਮੁਲਾਂਕਣ ਚੀਫ ਕੌਰੋਨਰ ਆਫਿਸ ਵੱਲੋਂ ਕੀਤਾ ਜਾ ਰਿਹਾ ਹੈ। ਪਰ ਇਸ ਸਮੇਂ ਪੁਲਿਸ ਇਸ ਨੂੰ ਫਾਰਮਿੰਗ ਐਕਸੀਡੈਂਟ ਮੰਨ ਕੇ ਚੱਲ ਰਹੀ ਹੈ।

# ਅਸ਼ੋਕ ਗਹਿਲੋਤ ਨੂੰ ਕਾਂਗਰਸ ਪ੍ਰਧਾਨ ਬਣਾਉਣ ਦੀ ਸਹਿਮਤੀ ਦੇ ਚਰਚੇ

## * ਸੂਤਰਾਂ ਮੁਤਾਬਕ ਸੋਨੀਆ ਗਾਂਧੀ ਨੇ ਅਚਾਨਕ ਲਿਆ ਫੈਸਲਾ

ਨਵੀਂ ਦਿੱਲੀ, 24 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਨੂੰ ਨਵਾਂ ਪ੍ਰਧਾਨ ਛੇਤੀਹੀ ਮਿਲਣ ਵਾਲਾ ਹੈ। ਪਾਰਟੀ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਕਾਂਗਰਸ ਦੇ ਅਗਲੇ ਪ੍ਰਧਾਨ ਬਾਰੇ ਫੈਸਲਾ ਲੈ ਲਿਆ ਹੈ ਤੇ ਲੰਬੇ ਸਮੇਂ ਬਾਅਦ ਕਾਂਗਰਸ ਪ੍ਰਧਾਨ ਨਹਿਰੂ-ਗਾਂਧੀ ਪਰਿਵਾਰ ਤੋਂ ਬਾਹਰ ਦਾ ਹੋ ਸਕਦਾ ਹੈ।

ਖਬਰ ਏਜੰਸੀ ਅਨੁਸਾਰ ਸੋਨੀਆ ਗਾਂਧੀ ਨੇ ਰਾਜਸਥਾਨ ਦੇ ਮੁੱਖ ਮੰਤਰੀ ਤੇ ਸੀਨੀਅਰ ਨੇਤਾ ਅਸ਼ੋਕ ਗਹਿਲੋਤ ਨੂੰ ਕਾਂਗਰਸ ਦੀ ਵਾਗ ਸੌਂਪਣ ਦਾ ਫੈਸਲਾ ਕੀਤਾ ਹੈ।ਜਾਣਕਾਰ ਸੂਤਰਾਂ ਮੁਤਾਬਕ ਸੋਨੀਆ ਗਾਂਧੀ ਅਗਲੇ ਦਿਨਾਂ ਵਿੱਚ ਆਪਣੀ ਮੈਡੀਕਲ ਜਾਂਚ ਲਈ ਵਿਦੇਸ਼ ਜਾ ਰਹੀ ਹੈ ਅਤੇ ਉਹ ਚਾਹੁੰਦੀ ਹੈ ਕਿ ਉਸ ਦੇ ਵਿਦੇਸ਼ ਜਾਣ ਤੋਂ ਪਹਿਲਾਂ ਅਸ਼ੋਕ ਗਹਿਲੋਤ ਪਾਰਟੀ ਦੀ ਵਾਗ ਸੰਭਾਲ ਲੈਣ। ਸੂਤਰਾਂ ਨੇ ਦੱਸਿਆ ਕਿ ਸੋਨੀਆ ਗਾਂਧੀ ਨੇ ਅਸ਼ੋਕ ਗਹਿਲੋਤ ਨੂੰ ਇਕ ਮੁਲਾਕਾਤ ਦੌਰਾਨਇਹ ਪੇਸ਼ਕਸ਼ ਕੀਤੀ ਹੈ, ਪਰ ਗਹਿਲੋਤ ਕੈਂਪ ਨੇ ਇਸ ਬਾਰੇ ਅਜੇ ਕੋਈ ਗੱਲ ਨਹੀਂ ਕਹੀ।

ਪਾਰਟੀ ਦੇ ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਅਸ਼ੋਕ ਗਹਿਲੋਤ ਕਾਂਗਰਸ ਪ੍ਰਧਾਨ ਦੇ ਅਹੁਦੇ ਲਈ ਪਹਿਲੀ ਪਸੰਦ ਹਨ, ਪਰ ਉਨ੍ਹਾਂ ਨੇ ਸੋਮਵਾਰ ਨੂੰ ਖੁਦ ਕਿਹਾ ਸੀ ਕਿ ਰਾਹੁਲ ਗਾਂਧੀ ਨੂੰ ਆਪਣੇ ਫੈਸਲੇ ਉੱਤੇ ਮੁੜ ਸੋਚਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਪਾਰਟੀ ਵਰਕਰਾਂ ਦਾ ਮਨੋਬਲ ਡਿੱਗੇਗਾ। ਉਨ੍ਹਾਂ ਕਿਹਾ ਹੈ ਕਿ ਪਾਰਟੀ ਪ੍ਰਧਾਨ ਬਣਨ ਲਈ ਰਾਹੁਲ ਗਾਂਧੀ ਸਰਬਸੰਮਤੀ ਨਾਲ ਚੁਣੇ ਗਏ ਸਨ। ਇਸ ਦੇ ਨਾਲ ਅਸ਼ੋਕ ਗਹਿਲੋਤ ਨੇ ਸੋਨੀਆ ਗਾਂਧੀ ਵੱਲੋਂ ਪ੍ਰਧਾਨਗੀ ਦੇ ਅਹੁਦੇ ਦੀ ਪੇਸ਼ਕਸ਼ ਦੀਆਂ ਖਬਰਾਂ ਉੱਤੇ ਕਿਹਾ, 'ਮੈਂ ਮੀਡੀਆ ਤੋਂ ਇਹ ਸੁਣ ਰਿਹਾ ਹਾਂ। ਮੈਨੂੰ ਇਸ ਬਾਰੇ ਨਹੀਂ ਪਤਾ, ਮੈਨੂੰ ਤਾਂ ਜੋ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ, ਮੈਂ ਉਸ ਨੂੰ ਪੂਰਾ ਕਰ ਰਿਹਾ ਹਾਂ।'

ਵਰਣਨ ਯੋਗ ਹੈ ਕਿ ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ 21 ਸਤੰਬਰ ਤੱਕ ਹੋਣੀ ਹੈ।ਇਸ ਚੋਣ ਲਈ ਸ਼ਡਿਊਲ ਜਲਦੀ ਹੀ ਜਾਰੀ ਕੀਤਾ ਜਾਵੇਗਾ। ਪਾਰਟੀ ਦੇ ਕੇਂਦਰੀ ਚੋਣ ਅਥਾਰਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਕਿਹਾ ਸੀ ਕਿ ਕਾਂਗਰਸ ਪ੍ਰਧਾਨ ਦੀ ਚੋਣ ਲਈ ਆਖਰੀ ਤਾਰੀਖ ਨੂੰ ਮਨਜ਼ੂਰੀ ਕਾਂਗਰਸ ਵਰਕਿੰਗ ਕਮੇਟੀ ਦੇਵੇਗੀ।

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਂਦਾ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਰੂਸ ਵੱਲੋਂ ਯੂਕਰੇਨ ਦੇ ਰੇਲਵੇ ਸਟੇਸ਼ਨ ਉੱਤੇ ਹਮਲਾ, 15 ਮੌਤਾਂ



ਕੀਵ, 24 ਅਗਸਤ, (ਪੋਸਟ ਬਿਊਰੋ)- ਯੂਕਰੇਨ ਦੇ ਰੇਲਵੇ ਸਟੇਸ਼ਨ ਉੱਤੇਰੂਸੀ ਹਮਲੇਵਿੱਚ 15 ਲੋਕ ਮਾਰੇ ਗਏ ਅਤੇ 50 ਜ਼ਖਮੀ ਹੋਏ ਹਨ।ਇਹ ਗੱਲ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਹੀ ਹੈ।

ਨਿਊਜ਼ ਏਜੰਸੀ ਅਨੁਸਾਰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਯੂ ਐੱਨ ਸਕਿਓਰਟੀ ਕੌਂਸਲ ਨੂੰ ਦੱਸਿਆ ਕਿ 'ਨਿਪ੍ਰੋਪੇਤ੍ਰੋਵਸਕ ਖੇਤਰ ਦੇ ਇੱਕ ਰੇਲਵੇ ਸਟੇਸ਼ਨ ਉੱਤੇ ਰੂਸੀ ਮਿਜ਼ਾਈਲ ਹਮਲੇ ਵਿੱਚ 15 ਲੋਕ ਮਾਰੇ ਗਏ ਅਤੇ 50 ਦੇ ਕਰੀਬ ਜ਼ਖਮੀ ਹੋਏ ਹਨ। ਯੂ ਐੱਨ ਸਕਿਓਰਟੀ ਕੌਂਸਲ ਨੂੰ ਆਪਣੇ ਵੀਡੀਓ ਸੰਬੋਧਨ ਵਿੱਚ ਜ਼ੇਲੈਂਸਕੀ ਨੇ ਕਿਹਾ ਕਿ ਇੱਕ ਰਾਕੇਟ ਪੂਰਬੀ ਯੂਕਰੇਨਦੇ ਡੋਨੇਟਸਕ ਤੋਂ ਕਰੀਬ 145 ਕਿਲੋਮੀਟਰ ਪੱਛਮ ਵਿੱਚ ਚੈਪਲਨੇ ਸ਼ਹਿਰ ਵਿੱਚ ਇੱਕ ਰੇਲਗੱਡੀ ਨਾਲ ਵੱਜੇ, ਜਿਸ ਨਾਲ ਚਾਰ ਵਾਹਨਾਂ ਨੂੰ ਅੱਗ ਲੱਗ ਗਈ।

ਵਰਨਣ ਯੋਗ ਹੈ ਕਿ 24 ਅਗਸਤ ਨੂੰ ਯੂਕਰੇਨ ਦਾ ਸੁਤੰਤਰਤਾ ਦਿਵਸ ਵੀ ਸੀ ਤੇ ਇਸ ਦਿਨ ਰੂਸੀ ਹਮਲੇ ਨੂੰ ਛੇ ਮਹੀਨੇ ਪੂਰੇ ਹੋ ਗਏ ਹਨ।ਇਸ ਹਮਲੇ ਦੇ ਡਰ ਕਾਰਨ ਕੀਵ ਵਿੱਚ ਆਜ਼ਾਦੀ ਦਿਨ ਦਾ ਜਸ਼ਨ ਨਹੀਂ ਮਨਾਇਆ ਗਿਆ। ਰਾਸ਼ਟਰਪਤੀ ਜ਼ੇਲੇਂਸਕੀ ਨੇ ਆਜ਼ਾਦੀ ਦਿਵਸ ਉੱਤੇਰੂਸੀ ਹਮਲੇ ਦਾ ਸ਼ੱਕ ਪਹਿਲਾਂ ਜਤਾਇਆ ਸੀ।ਰੂਸ ਨਾਲ ਜੰਗ ਵਿੱਚਅੱਜ ਤੱਕ ਯੂਕਰੇਨ ਦੇ ਹਜ਼ਾਰਾਂ ਸੈਨਿਕ ਮਾਰੇ ਗਏ ਅਤੇਯੂਕਰੇਨ ਦੀ ਅੱਧੀ ਆਬਾਦੀ ਦੇਸ਼ ਛੱਡ ਚੁੱਕੀ ਹੈ।

ਇਸ ਤੋਂ ਪਹਿਲਾਂ ਅਮਰੀਕਾ ਨੇ ਕਿਹਾ ਸੀ ਕਿ ਰੂਸ ਇਸ ਹਫ਼ਤੇ ਆਪਣੇ ਕਬਜ਼ੇ ਵਿੱਚ ਆਏਯੂਕਰੇਨਵਿੱਚ ਇੱਕ ਰਾਏ-ਸ਼ੁਮਾਰੀ ਦਾ ਐਲਾਨ ਕਰ ਸਕਦਾ ਹੈ। ਵ੍ਹਾਈਟ ਹਾਊਸ ਦੇ ਸੁਰੱਖਿਆ ਬੁਲਾਰੇ ਜੌਨ ਕਿਰਬੀ ਨੇ ਬੁੱਧਵਾਰ ਕਿਹਾ ਕਿ ਅਮਰੀਕਾ ਨੂੰ ਪਤਾ ਲੱਗਾ ਹੈ ਕਿ ਕਬਜ਼ੇ ਵਾਲੇ ਯੂਕਰੇਨਵਿੱਚਰੂਸੀ ਸਰਕਾਰ ਨੇਅਧਿਕਾਰੀਆਂ ਨੂੰ ਇੱਕ ਜਨਮਤ ਸੰਗ੍ਰਹਿ ਦੀ ਤਿਆਰੀ ਸ਼ੁਰੂ ਕਰਨ ਲਈ ਕਿਹਾ ਹੈ, ਜਿਸ ਦਾ ਐਲਾਨ ਛੇਤੀ ਹੋ ਸਕਦਾ ਹੈ।

# ਮੁਫਤਖੋਰ ਚੋਣ ਵਾਅਦਿਆਂ ਵਾਲਾ ਮੁੱਦਾ ਸੁਪਰੀਮ ਕੋਰਟ ਨੇ ਨਵੀਂ ਬੈਂਚ ਕੋਲ ਭੇਜਿਆ

ਨਵੀਂ ਦਿੱਲੀ, 24 ਅਗਸਤ, (ਪੋਸਟ ਬਿਊਰੋ)- ਭਾਰਤ ਦੀਆਂ ਪਾਰਟੀਆਂ ਵੱਲੋਂ ਚੋਣਾਂ ਦੇ ਵੱਡੇ ਵਾਅਦਿਆਂ, ਪੇਸ਼ਕਸ਼ ਤੇ ਮੁਫ਼ਤ ਦੇ ਤੋਹਫਿਆਂ ਉੱਤੇ ਰੋਕ ਦੀ ਮੰਗ ਵਾਲੀ ਪਟੀਸ਼ਨ ਉੱਤੇਅੱਜ ਬੁੱਧਵਾਰ ਨੂੰ ਸੁਪਰੀਮ ਕੋਰਟ ਵਿੱਚਸੁਣਵਾਈ ਵੇਲੇ ਇਹ ਕੇਸ ਇੱਕ ਹੋਰ ਬੈਂਚ ਨੂੰ ਸੁਣਵਾਈ ਲਈ ਰੈਫਰ ਕਰ ਦਿੱਤਾ ਗਿਆ ਹੈ।



ਅੱਜ ਦੀ ਸੁਣਵਾਈ ਚੀਫ ਜਸਟਿਸ ਐਨਵੀ ਰਾਮੰਨਾ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਸੀਟੀ ਰਵੀਕੁਮਾਰ ਦੀ ਬੈਂਚ ਨੇ ਕੀਤੀ, ਜਿਸ ਅੱਗੇ ਪਟੀਸ਼ਨਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਿੱਚ ਕਮੇਟੀ ਬਣਾਈ ਜਾਵੇ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸਾਬਕਾ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਅਗਵਾਈ ਵਿੱਚ ਕਮੇਟੀ ਹੋਣੀ ਚਾਹੀਦੀ ਹੈ।ਚੀਫ ਜਸਟਿਸਰਾਮੰਨਾ ਨੇ ਕਿਹਾ ਕਿ ਮੈਂ ਇਹ ਕੇਸ ਨਵੀਂ ਬੈਂਚ ਕੋਲ ਭੇਜ ਰਿਹਾ ਹਾਂ, ਜੋ ਮੈਨੀਫੈਸਟੋ ਕੇਸਵਿੱਚਦਿੱਤੇ ਪਹਿਲੇ ਫੈਸਲਿਆਂਨਾਲ ਜੋੜ ਕੇ ਵਿਚਾਰ ਕਰੇਗਾ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਹੇਠ ਤਿੰਨ ਜੱਜਾਂ ਦੀ ਬੈਂਚ ਚੋਣਾਂ ਵਿੱਚ ਮੁਫਤਖੋਰੀ ਦੇ ਵਾਅਦਿਆਂ ਦੇ ਕੇਸ ਦੀ ਸੁਣਵਾਈ ਕਰੇਗੀ। ਅੱਜ ਸੁਣਵਾਈ ਵੇਲੇਪ੍ਰਮੁੱਖ

*** ਜਸਟਿਸ ਚੰਦਰਚੂੜ ਦੀ ਅਗਵਾਈ ਵਿੱਚ ਸੁਣਵਾਈ ਹੋਵੇਗੀ**

ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਮੇਰੀ ਰਾਏ ਵਿੱਚਮੁੱਖ ਸਮੱਸਿਆ ਇਹ ਹੈ ਕਿ ਚੋਣਾਂ ਤੋਂ ਤੁਰੰਤ ਪਹਿਲਾਂ ਵਾਅਦਾ ਕਰਨਾ ਵੋਟਰ ਨੂੰ ਰਿਸ਼ਵਤ ਦੇਣ ਵਾਂਗ ਹੈ। ਇਸ ਉੱਤੇ ਕਪਿਲ ਸਿੱਬਲ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਇਹ ਵਾਅਦੇ ਵਿੱਤੀ ਸੰਕਟ ਪੈਦਾ ਕਰਦੇ ਹਨ, ਕਿਉਂਕਿ ਆਰਥਿਕ ਸਥਿਤੀ ਵੇਖ ਕੇ ਨਹੀਂ ਕੀਤੇ ਜਾਂਦੇ। ਜਵਾਬ ਵਿੱਚਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਪਾਰਟੀਆਂ ਵੋਟਰਾਂ ਨੂੰ ਲੁਭਾਉਣ ਲਈ ਚੋਣਾਂ ਤੋਂ ਪਹਿਲਾਂ ਬਿਜਲੀ ਮੁਫ਼ਤ ਜਾਂ ਕੁਝ ਹੋਰਵਾਅਦੇ ਕਰਦੀਆਂ ਹਨ, ਇਹ ਵਿਹਾਰ ਬੰਦ ਹੋਣਾ ਚਾਹੀਦਾ ਹੈ।




# ਮਸਤੂਆਣਾ ਸਾਹਿਬ ਵਿੱਚ ਬੇਅਦਬੀ ਦੇ ਸ਼ੱਕ ਹੇਠ ਨੌਜਵਾਨ ਫੜਿਆ

ਸੰਗਰੂਰ, 24 ਅਗਸਤ, (ਪੋਸਟ ਬਿਊਰੋ)- ਏਥੋਂ ਨੇੜੇ ਗੁਰਦੁਆਰਾ ਮਸਤੂਆਣਾ ਸਾਹਿਬ ਵਿੱਚ ਅੱਜ ਇੱਕ ਅਣਪਛਾਤੇ ਨੌਜਵਾਨ ਨੂੰ ਸੰਗਤ ਅਤੇ ਪ੍ਰਬੰਧਕਾਂ ਨੇ ਬੇਅਦਬੀ ਦੇ ਸ਼ੱਕ ਵਿੱਚ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਨੇ ਗ੍ਰੰਥੀ ਸਿੰਘ ਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦੇ ਬਿਆਨਾਂ ਉੱਤੇ ਕੇਸ ਦਰਜ ਕੀਤਾ ਹੈ। ਬੇਅਦਬੀ ਦੀ ਸੂਚਨਾ ਮਿਲਣ ਦੇ ਬਾਅਦ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਪੁਲਿਸ ਚੌਕੀ ਬਡਰੁੱਖਾਂ ਵਿਖੇ ਪੁੱਜ ਗਏ ਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ।ਕੇਸਦੀ ਗੰਭੀਰਤਾ ਨੂੰ ਦੇਖਦੇ ਹੋਏ ਐਸਪੀ (ਡੀ) ਮੌਕੇ ਉੱਤੇਪਹੁੰਚ ਗਏ।

ਮਿਲੀ ਜਾਣਕਾਰੀ ਮੁਤਾਬਕ ਅੱਜ ਬੁੱਧਵਾਰ ਸਵੇਰੇ ਕਰੀਬ 5 ਵਜੇ ਗੁਰਦੁਆਰਾ ਮਸਤੂਆਣਾ ਸਾਹਿਬ ਦੇ ਦਰਬਾਰ ਹਾਲ ਵਿੱਚਆਇਆਇੱਕ ਆਦਮੀ ਮੱਥਾ ਟੇਕਣ ਲਈ ਅੰਦਰ ਚੱਲਿਆ ਤਾਂ ਉਥੇ ਸੁਰੱਖਿਆ ਗਾਰਡ ਨੇ ਰੋਕ ਲਿਆ।ਉਹ ਜ਼ਬਰਦਸਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਜਾਣ ਲੱਗਾ ਅਤੇ ਗੋਲਕ ਨੇੜੇ ਜੰਗਲੇ ਨੂੰ ਫੜ ਲਿਆ।ਓਥੇਮੌਜੂਦ ਸੰਗਤ ਨੇ ਉਸ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਨੌਜਵਾਨ ਦਾ ਨਾਂ ਸੰਨੀ ਹੈ ਤੇ ਉਹ ਪਟਿਆਲਾ ਦਾ ਵਾਸੀ ਹੈ। ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।



ਸਿੱਖ ਆਗੂ ਬਚਿੱਤਰ ਸਿੰਘ ਨੇ ਦੱਸਿਆ ਕਿਸ਼ੱਕੀ ਵਿਅਕਤੀ ਸਵੇਰੇ 5 ਵਜੇ ਗੁਰਦੁਆਰਾ ਸਾਹਿਬ ਵਿਚ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ।ਉਸ ਨੇ ਆਪਣੀ ਕਮੀਜ਼ ਲਾਹ ਕੇ ਦੂਰ ਸੁੱਟੀ ਅਤੇ ਗੁਰਦੁਆਰਾ ਸਾਹਿਬ ਦੇ ਜੰਗਲੇ ਰਾਹੀਂ ਅੰਦਰ ਵੜਨ ਦੀ ਕੋਸ਼ਿਸ਼ ਕੀਤੀ ਤਾਂ ਸੇਵਾਦਾਰਾਂ ਨੇ ਉਸ ਨੂੰ ਫੜ ਲਿਆ। ਉਸ ਦੀ ਪਕੜ ਇੰਨੀ ਪੱਕੀ ਸੀ ਕਿ ਜਦੋਂ ਸੇਵਾਦਾਰਾਂ ਨੇ ਉਸ ਨੂੰ ਫੜ ਕੇ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਗਰਿੱਲ ਰਾਹੀਂ ਬਾਹਰ ਕੱਢਣਾ ਪਿਆ।ਇਸ ਬਾਰੇ ਐਸਪੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਪਤਾ ਲੱਗਾ ਸੀ ਕਿ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਦੀ ਘਟਨਾ ਕਰਦਾਕੋਈ ਬੰਦਾ ਓਥੇ ਸੇਵਾਦਾਰਾਂ ਨੇ ਫੜਿਆ ਹੈ। ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਕੇ ਉਸ ਉੱਤੇ ਕੇਸ ਦਰਜ ਕਰ ਲਿਆ ਹੈ।












# 'ਇੰਸਪੀਰੇਸ਼ਨਲ ਸਟੈੱਪਸ-2022' ਐਤਵਾਰ 28 ਅਗਸਤ ਨੂੰ

ਸਮੂਹ ਖੇਡ-ਕਲੱਬਾਂ, ਸਮਾਜਿਕ ਤੇ ਸੱਭਿਆਚਾਰਕ ਜੱਥੇਬੰਦੀਆਂ ਵਿਚ ਭਾਰੀ ਉਤਸ਼ਾਹ

ਟੀ.ਪੀ.ਏ.ਆਰ. ਕਲੱਬ ਦੇ 60 ਤੋਂ ਵਧੀਕ ਮੈਂਬਰ ਲੈ ਰਹੇ ਨੇ ਇਸ ਵਿਚ ਹਿੱਸਾ

ਹਾਫ਼-ਮੈਰਾਥਨ, 12 ਕਿਲੋਮੀਟਰ ਤੇ 5 ਕਿਲੋਮੀਟਰ ਦੌੜ ਸਵੇਰੇ ਕ੍ਰਮਵਾਰ 7 ਵਜੇ, ਅੱਠ ਵਜੇ ਤੇ 9 ਵਜੇ ਸ਼ੁਰੂ ਹੋਣਗੀਆਂ

ਬੱਚਿਆਂ ਦੀ ਇਕ ਕਿਲੋਮੀਟਰ ਦੌੜ 10 ਵਜੇ ਆਰੰਭ ਹੋਵੇਗੀ

ਬਰੈਂਪਟਨ, (ਡਾ. ਝੰਡ) - ਸੰਸਾਰ-ਭਰ ਵਿਚ ਕਰੋਨਾ ਮਹਾਂਮਾਰੀ ਦੇ ਫੈਲਣ ਕਾਰਨ ਦੋ ਸਾਲ ਦੇ ਲੰਮੇਂ ਅਰਸੇ ਬਾਅਦ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ-2022' ਐਤਵਾਰ 28 ਅਗਸਤ ਨੂੰ ਕਰਵਾਈ ਜਾ ਰਹੀ ਹੈ। ਬਰੈਂਪਟਨ, ਮਿਸੀਸਾਗਾ, ਮਾਲਟਨ, ਸਕਾਰਬਰੋ ਅਤੇ ਆਸ-ਪਾਸ ਦੇ ਸ਼ਹਿਰਾਂ ਦੀਆਂ ਖੇਡ ਕਲੱਬਾਂ ਅਤੇ ਸਮਾਜਿਕ ਤੇ ਸੱਭਿਆਚਾਰਕ ਜੱਥੇਬੰਦੀਆਂ ਦੇ ਮੈਂਬਰਾਂ ਵਿਚ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਭਾਰੀ ਉਤਸ਼ਸ਼ਾਹ ਪਾਇਆ ਜਾ ਰਿਹਾ ਹੈ। ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਇਸ ਸਬੰਧੀ ਫ਼ੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਕਲੱਬ ਦੇ 60 ਤੋਂ ਵਧੀਕ ਮੈਂਬਰ ਇਸ ਈਵੈਂਟ ਵਿਚ ਭਾਗ ਲੈ ਰਹੇ ਹਨ। ਉਨ੍ਹਾਂ ਨੇ ਕਲੱਬ ਦੇ ਮੈਂਬਰਾਂ ਨੂੰ ਉਸ ਦਿਨ ਕਲੱਬ ਦੀਆਂ ਲਾਲ ਟੀ-ਸ਼ਰਟਾਂ ਪਹਿਨ ਕੇ ਇਸ ਈਵੈਂਟ ਵਿਚ ਆਉਣ ਲਈ ਕਿਹਾ। ਉਨ੍ਹਾਂ ਹੋਰ ਦੱਸਿਆ ਕਿ ਟੀ.ਪੀ.ਏ.ਆਰ. ਕਲੱਬ ਵੱਲੋਂ ਉਸ ਦਿਨ ਡਿਕਸੀ ਗੁਰੂਘਰ ਅਤੇ ਜੀ.ਟੀ.ਏ.ਏ. ਏਅਰ ਫਲਾਈਟ ਦੇ ਪ੍ਰਬੰਧਕਾਂ ਨੂੰ ਪਲੇਕਸ ਦੇ ਨਾਲ ਆੱਨਰ ਕਰਨ ਕੀਤਾ ਜਾਏਗਾ ਅਤੇ ਇਸ ਦੇ ਲਈ ਉਨ੍ਹਾਂ ਕਲੱਬ ਦੇ ਸਮੂਹ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੇ ਨਜ਼ਦੀਕ ਠੀਕ 11.30 ਵਜੇ ਇਕੱਤਰ ਹੋਣ ਲਈ ਕਿਹਾ ਹੈ।

ਇਸ ਈਵੈਂਟ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਵਾਰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਫੁੱਲ-ਮੈਰਾਥਨ ਨਹੀਂ ਕਰਵਾਈ ਜਾ ਰਹੀ ਅਤੇ ਕੇਵਲ ਹਾਫ਼ ਮੈਰਾਥਨ, 12 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜ ਤੇ ਵਾੱਕ ਹੀ ਕਰਵਾਈਆਂ ਜਾ ਰਹੀਆਂ ਹਨ। ਇਹ ਸਾਰੀਆਂ ਦੌੜਾਂ ਡਿਕਸੀ ਗੁਰੂਘਰ ਤੋਂ ਕ੍ਰਮਵਾਰ ਸਵੇਰੇ 7 ਵਜੇ, 8 ਵਜੇ ਅਤੇ 9 ਵਜੇ ਆਰੰਭ ਹੋਣਗੀਆਂ ਅਤੇ ਇਨ੍ਹਾਂ ਦੀ ਸਮਾਪਤੀ ਵੀ ਇੱਥੇ ਹੀ ਹੋਵੇਗੀ। ਬੱਚਿਆਂ ਦੀ ਇਕ ਕਿਲੋਮੀਟਰ ਦੌੜ ਸਵੇਰੇ 10 ਵਜੇ ਕਰਵਾਈ ਜਾਏਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਿਸਤ੍ਰਿਤ ਜਾਣਕਾਰੀ ਪਹਿਲਾਂ ਤੋਂ ਰਜਿਸਟਰ ਹੋਏ ਦੌੜਾਕਾਂ ਤੇ ਵਾੱਕਰਾਂ ਨੂੰ ਲੰਘੇ ਸ਼ਨੀਵਾਰ 20 ਅਗਸਤ ਨੂੰ ਡਿਕਸੀ ਅਤੇ ਸਕਾਰਬਰੋ ਗੁਰੂਘਰਾਂ ਵਿਚ ਦਿੱਤੀਆਂ ਗਈਆਂ ਰੇਸ-ਕਿੱਟਾਂ ਵਿਚ ਵੀ ਪਾ ਦਿੱਤੀ ਗਈ ਹੈ। ਦੌੜਾਕਾਂ ਤੇ ਵਾੱਕਰਾਂ ਲਈ ਇਨ੍ਹਾਂ ਰੇਸ-ਕਿੱਟਾਂ ਵਿਚ ਇਲੈੱਕਟ੍ਰਾਨਿਕ ਬਿੱਬ ਨੰਬਰ, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸਨ਼ ਦਾ ਮੈਗ਼ਜ਼ੀਨ ਅਤੇ ਇਸ ਦੌੜ ਦੇ ਰੂਟ ਦਾ ਨਕਸ਼ਾ ਸ਼ਾਮਲ ਹੈ। ਇਸ ਦੇ ਬਾਰੇ ਹੋਰ ਵਧੇਰੇ ਜਾਣਕਾਰੀ ਮਅਲਿ@ਗਗਸਚਾ।ਚੋਮ 'ਤੇ ਜਾ ਕੇ ਜਾਂ 416-564-3939 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਇੱਥੇ ਇਸ 'ਇੰਸਪੀਰੇਸ਼ਨਲ ਸਟੈੱਪਸ-2022' ਬਾਰੇ ਦੱਸਣਾ ਜ਼ਰੂਰੀ ਹੈ ਕਿ ਹੈ ਕਿ ਇਸ ਦੌੜ ਦਾ ਅਰੰਭ ਅਤੇ ਇਸ ਦੀ ਸਮਾਪਤੀ ਵੀ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਵਿਖੇ ਹੀ ਹੋਵੇਗੀ। ਇਸ ਦੌੜ ਦਾ ਮੁੱਖ-ਰੂਟ ਈਟੋਬੀਕੋਕ ਟਰੇਲ ਹੋਵੇਗਾ ਅਤੇ ਇਸ ਦੇ ਕੁਝ ਹਿੱਸੇ ਪੁਰਾਣੀਆਂ ਸੜਕਾਂ ਵਾਲੇ ਵੀ ਹੋਣਗੇ ਜਿਸ ਦੇ ਬਾਰੇ ਜਾਣਕਾਰੀ ਵਿਸਥਾਰ ਪੂਰਵਕ ਨਕਸ਼ੇ ਸਮੇਤ ਰੇਸ-ਕਿੱਟਾਂ ਵਿਚ ਪਾਈ ਗਈ ਹੈ। ਰੂਟ ਦੀ ਇਹ ਤਬਦੀਲੀ ਫ਼ਿੰਚ ਐਵੀਨਿਊ 'ਤੇ ਹੋ ਰਹੀ ਉਸਾਰੀ ਦੇ ਕਾਰਨ ਕੀਤੀ ਗਈ ਹੈ, ਕਿਉਂਕਿ ਉੱਥੇ ਇਹ ਦੌੜ ਕਾਫ਼ੀ ਮੁਸ਼ਕਲ ਅਤੇ ਖ਼ਤਰਨਾਕ ਸਾਬਤ ਹੋ ਸਕਦੀ ਸੀ। ਦੌੜ ਦੀ ਦੂਸਰੀ ਵੱਡੀ ਤਬਦੀਲੀ ਇਹ ਹੈ ਕਿ ਸਮੇਂ ਦੀ ਕਿੱਲਤ ਕਾਰਨ ਪ੍ਰਬੰਧਕਾਂ ਵੱਲੋਂ ਇਸ ਵਾਰ ਦੌੜਾਕਾਂ ਨੂੰ ਟੀ-ਸ਼ਰਟਾਂ ਮੁਹੱਈਆ ਨਹੀਂ ਕੀਤੀਆਂ ਗਈਆਂ। ਉਂਜ ਵੀ ਇਸ ਦੌੜ ਵਿਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਦੌੜਾਕ ਵੱਖ-ਵੱਖ ਦੌੜ-ਕਲੱਬਾਂ ਅਤੇ ਖੇਡ-ਅਦਾਰਿਆਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਦੀਆਂ ਆਪਣੀਆਂ ਲੋਗੋ ਵਾਲੀਆਂ ਟੀ-ਸ਼ਰਟਾਂ ਹਨ। ਉਹ ਆਪੋ-ਆਪਣੀਆਂ ਕਲੱਬਾਂ ਤੇ ਅਦਾਰਿਆਂ ਦੀਆਂ ਟੀ-ਸ਼ਰਟਾਂ ਜਾਂ ਆਪਣੀ ਮਨਮਰਜ਼ੀ ਦੀਆਂ ਟੀ-ਸ਼ਰਟਾਂ ਵੀ ਪਹਿਨ ਸਕਦੇ ਹਨ।

ਹਵਾ ਵਿਚ ਨਮੀ ਦੀ ਮਾਤਰਾ ਵਧੇਰੇ ਹੋਣ ਕਾਰਨ ਉਸ ਦਿਨ ਭਾਦਰੋਂ ਮਹੀਨੇ ਦੇ ਹੁੱਸੜ ਵਰਗੀ ਸਖ਼ਤ ਗਰਮੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਤੋਂ ਬਚਾਅ ਲਈ ਪ੍ਰਬੰਧਕਾਂ ਵੱਲੋਂ ਦੌੜਾਕਾਂ ਤੇ ਵਾੱਕਰਾਂ ਨੂੰ ਸਨ-ਸਕਰੀਨ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਦੌੜਾਕਾਂ ਤੇ ਵਾੱਕਰਾਂ ਦੀ ਸਹੂਲਤ ਲਈ ਰਸਤੇ ਵਿਚ ਵੱਖ-ਵੱਖ ਵਾਟਰ-ਸਟੇਸ਼ਨਾਂ 'ਤੇ ਪ੍ਰਬੰਧਕਾਂ ਵੱਲੋਂ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਜਾ ਰਿਹਾ ਹੈ।

# ਸਿੱਖ ਚੇਤਨਾ ਲਹਿਰ ਸ਼ੁਰੂ ਕਰਨ ਲਈ ਸੰਤ ਸਮਾਜ ਸੰਮੇਲਨ



ਮੋਗਾ 24 ਅਗਸਤ (ਗਿਆਨ ਸਿੰਘ ) ਦੇਸ਼ ਵਿਦੇਸ਼ ਵਿੱਚ ਸਿੱਖ ਚੇਤਨਾ ਲਹਿਰ ਸ਼ੁਰੂ ਕਰਨ ਲਈ ਸੰਤ ਬਾਬਾ ਮਹਿੰਦਰ ਸਿੰਘ ਜਨੇਰ ਟਕਸਾਲ ਦੇ ਯਤਨਾਂ ਨਾਲ ਗੁਰਦੁਆਰਾ ਸੰਤ ਬਾਬਾ ਹਮੀਰ ਸਿੰਘ , ਜਨੇਰ ਵਿਖੇ ਪੰਜਾਬ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਸੰਤਾਂ, ਮਹਾਂਪੁਰਸ਼ਾਂ, ਗੁਣੀ ਗਿਆਨੀਆਂ ਦੀ ਵਿਸ਼ੇਸ ਇਕੱਤਰਤਾ ਹੋਈ। ਸੰਤ ਸਮਾਜ ਦੀ ਇਹ ਇਕੱਤਰਤਾ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਵਾਉਣ ਲਈ ਕਨੂੰਨ ਬਨਾਉਣ, ਪੰਜਾਬ ਦੇ ਵਾਤਾਵਰਣ ਨੂੰ ਸੁੱਧ ਕਰਨ, ਦੂਸਿਤ ਹੋ ਰਹੇ ਪਾਣੀ ਨੂੰ ਬਚਾਉਣ ਅਤੇ ਨਸ਼ਿਆਂ ਤੋਂ ਨੌਜਵਾਨਾਂ ਨੂੰ ਕਿਵੇ ਬਚਾਇਆ ਜਾ ਸਕੇ ਤੇ ਹੋਰ ਗੰਭੀਰ ਮਸਲਿਆਂ ਤੇ ਵਿਚਾਰਾਂ ਕੀਤੀਆਂ ਗਈਆਂ। ਆਪਣੇ ਵਿਚਾਰ ਪਰਗਟ ਕਰਦਿਆਂ ਸੰਤ ਗਿਆਨੀ ਗੁਰਮੀਤ ਸਿੰਘ ਖੋਸਿਆਂ ਵਾਲਿਆਂ ਨੇ ਕਿਹਾ ਗੁਰਬਾਣੀ ਦੇ ਨਾਲ ਨਾਲ ਵਾਤਾਵਰਣ ਤੇ ਜਲ ਦੀ ਸੰਭਾਲ ਕਰਨ ਲਈ ਪ੍ਰੇਰਨਾ ਕੀਤੀ। ਸੰਤ ਬਾਬਾ ਮੱਖਣ ਸਿੰਘ , ਮੁੱਖੀ ਭਾਈ ਮਨੀ ਸਿੰਘ ਟਕਸਾਲ, ਅੰਮ੍ਰਿਤਸਰ ਨੇ ਕਿਹਾ ਕਿ ਸੰਗਤਾਂ ਦੇ ਸੁਝਾ ਲੈਣ ਲਈ ਵੱਟਸਅਪ ਤੇ "ਗਾਵਹੁ ਸੱਚੀ ਬਾਣੀ" ਗਰੁੱਪ ਬਣਾਇਆ ਹੈ। ਉਹਨਾਂ ਕਿਹਾ ਕਿ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਲ਼ੋਕਾਂ ਦਾ ਸਹਿਯੋਗ ਜਰੂਰੀ ਹੈ। ਉਹਨਾਂ ਕਿਹਾ ਮਨੁੱਖਤਾ ਦੀ ਸੇਵਾ ਸਭ ਤੋਂ ਉਤਮ ਹੈ। ਉਹਨਾਂ ਕਿਹਾ ਪ੍ਰਦੂਸ਼ਣ ਨੂੰ ਦੂਰ ਕਰਨ ਤੇ ਵਾਤਾਵਰਣ ਨੂੰ ਬਚਾਉਣ ਦੀ ਲੋੜ ਹੈ। ਉਹਨਾਂ ਕਿਹਾ ਕਿ

ਸਾਡੇ ਭੂਮੀਗਤ ਜਲ ਸਰੋਤਾਂ ਨੂੰ ਉਦਯੋਗਾਂ ਦੇ ਜਹਿਰੀਲੇ ਪਾਣੀ ਤੋਂ ਖ਼ਤਰਾ ਹੈ। ਧਰਤੀ ਹੇਠਲੇ ਪੀਣ ਵਾਲੇ ਪਾਣੀ ਨੂੰ ਤਬਾਹ ਕੀਤਾ ਜਾ ਰਿਹਾ ਹੈ। ਸੰਤ ਮਹਿੰਦਰ ਸਿੰਘ ਨੇ ਸਾਰੀ ਕੌਮ ਨੂੰ ਇੱਕਜੁਟ ਹੋਣ ਦਾ ਸੱਦਾ ਦਿੱਤਾ। ਨਿਰਮਲ ਪੰਥੀਆਂ ਦੀ ਸੰਪਰਦਾ ਵਲੋ ਸੰਤ ਬਾਬਾ ਦਰਸ਼ਨ ਸਿੰਘ ਸ਼ਾਸਤਰੀ ਨੇ ਸਿੱਖ ਚੇਤਨਾ ਲਹਿਰ ਵਿੱਚ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ। ਇਸ ਮੌਕੇ ਸੰਤ ਬਾਬਾ ਚਮਕੌਰ ਸਿੰਘ ਜੀ ਸੇਵਾ ਪੰਥੀ,

ਸੰਤ ਬਾਬਾ ਬੱਗਾ ਸਿੰਘ ਜੀ ਨਾਨਕਸਰ ਸੰਪ੍ਰਦਾਇ,

ਗਿਆਨੀ ਅਨਭੋਲ ਸਿੰਘ ਦਿਵਾਨਾ,

ਗਿਆਨੀ ਹਰਜਿੰਦਰ ਸਿੰਘ ਮੱਦੋ ਕੇ,

ਗਿਆਨੀ ਜਸਵਿੰਦਰ ਸਿੰਘ ਬੋਹਾ,ਗਿਆਨੀ ਸੁਰਜੀਤ ਸਿੰਘ ਮਹਿਰੋ(ਬੁੱਢਾ ਦੱਲ) ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਸੇਵਾ ਗਿਆਨੀ ਸਤਨਾਮ ਸਿੰਘ ਜਨੇਰ ਟਕਸਾਲ ਨੇ ਬਾਖੂਬੀ ਨਿਭਾਈ। ਇਸ ਇਕੱਤਰਤਾ ਵਿਚ ਫੈਸਲਾ ਕੀਤਾ ਗਿਆ ਕਿ ਇੱਕ ਕਰੋੜ ਲੋਕਾਂ ਦੇ ਦਸਤਖਤ ਕਰਵਾ ਕੇ ਭਾਰਤ ਦੇ ਰਾਸ਼ਟਰਪਤੀ ਨੂੰ ਮੈਮੋਰੰਡਮ ਦੇ ਕੇ 295ਏ ਦੀ ਥਾਂ ਸਖ਼ਤ ਕਨੂੰਨ ਬਣਾਇਆ ਜਾਵੇ ਤਾਂ ਧਾਰਮਿਕ ਗਰੰਥਾਂ ਦੀਆਂ ਬੇਅਦਬੀ ਘਟਨਾਵਾਂ ਤੋਂ ਰੋਕਿਆ ਜਾ ਸਕੇ। ਇਸ ਮੌਕੇ ਸਾਮਲ ਮਹਾਂਪੁਰਸ਼ਾਂ ਵਿਚ ਸੰਤ ਇੰ-ਦਰਪਾਲ ਸਿੰਘ ਦੇਵੀਵਾਲਾ, ਸੰਤ ਬਾਬਾ ਰਾਮ ਸਿੰਘ ਧਰਮਕੋਟ,ਸੰਤ ਬਾਬਾ ਸੁਖਵੰਤ ਸਿੰਘ ਨਾਹਲਾਂਵਾਲੇ, ਸੰਤ ਬਾਬਾ ਭੋਲਾ ਸਿੰਘ ਬੱਡੂਵਾਲ, ਸੰਤ ਬਾਬਾ ਪਿਆਰਾ ਸਿੰਘ ਬਰਨਾਲੇ ਵਾਲੇ, ਗਿਆਨੀ ਕਰਨ ਸਿੰਘ ਧੂਰਕੋਟ ਵਾਲੇ,ਸੰਤ ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਵਾਲੇ, ਗਿਆਨੀ ਹਰਪ੍ਰੀਤ ਸਿੰਘ ਮੋਗਾ, ਗਿਆਨੀ ਸਰਬਜੀਤ ਸਿੰਘ ਖਡੂਰ ਸਾਹਿਬ, ਮਹੰਤ ਬਖਸ਼ੀਸ਼ ਸਿੰਘ ਅੰਮ੍ਰਿਤਸਰ, ਮਹੰਤ ਸ਼ਿਵਰਾਓ ਸਿੰਘ ਧਰਮਕੋਟ, ਸੰਤ ਬਾਬਾ ਕੁਲਦੀਪ ਸਿੰਘ ਧੱਲੇਕੇ,ਸੰਤ ਬਾਬਾ ਪਵਨਦੀਪ ਸਿੰਘ ਕੜਿਆਲ, ਮਹੰਤ ਹਰਦੇਵ ਸਿੰਘ ਰਾਜਸਥਾਨ , ਸੰਤ ਗਿਆਨੀ ਸੁਲੱਖਣ ਸਿੰਘ , ਗਿਆਨੀ ਗੁਰਵਿੰ-ਦਰ ਸਿੰਘ, ਗਿਆਨੀ ਜਗਦੀਪ ਸਿੰਘ ਆਦਿ ਸਾਮਲ ਹੋਏ।




# ਤਰਲੋਚਨ ਸਿੰਘ ਭਮੱਦੀ ਦੀ ਪੁਸਤਕ ਦਾਸਤਾਨਿ ਸਿੱਖ ਸਲਤਨਤ ਇਤਿਹਾਸ ਤੇ ਕਾਵਿ ਸਿਰਜਣਾ ਦਾ ਖੂਬਸੂਰਤ ਸੁਮੇਲ ਗੁਰਭਜਨ ਗਿੱਲ



ਲੁਧਿਆਣਾ, 24 ਅਗਸਤ (ਗਿਆਨ ਸਿੰਘ): ਵਿਸ਼ਵ ਪ੍ਰਸਿੱਧ ਢਾਡੀ , ਇਤਿਹਾਸਕਾਰ ਤੇ ਕਵੀ ਗਿਆਨੀ ਤਰਲੋਚਨ ਸਿੰਘ ਭਮੱਦੀ ਵੱਲੋਂ ਰਚਿਤ ਪੁਸਤਕ "ਦਾਸਤਾਨਿ ਸਿੱਖ ਸਲਤਨਤ" ਨੂੰ ਲੋਕ ਅਰਪਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਇਹ ਪੁਸਤਕ ਸਿਰਫ਼ ਇਤਿਹਾਸ ਨਹੀਂ ਹੈ ਸਗੋਂ ਉਸ ਨੂੰ ਸਮਝਣ ਲਈ ਸਹਿਜ ਸੁਖੈਨ ਕੁੰਜੀ ਹੈ। ਇਸ ਵਿੱਚ ਸ਼ਾਮਿਲ ਵਾਰਤਕ ਤੇ ਸ਼ਾਇਰੀ ਸਾਨੂੰ ਵਰਤਮਾਨ ਤੋਂ ਵਿਰਸੇ ਵੱਲ ਰਸਵੰਤੀ ਯਾਤਰਾ ਕਰਵਾਉਂਦੀ ਹੈ। ਉਨ੍ਹਾਂ ਕਿਹਾ ਕਿ ਗਿਆਨੀ ਸੋਹਣ ਸਿੰਘ ਸੀਤਲ ਵਾਂਗ ਗਿਆਨੀ ਤਰਲੋਚਨ ਸਿੰਘ ਭਮੱਦੀ ਨੇ ਵੀ ਸਾਨੂੰ ਇਤਿਹਾਸਕ ਪ੍ਰਸੰਗ ਕਵਿਤਾ ਵਿੱਚ ਘੋਲ਼ ਕੇ ਪਿਆਏ ਹਨ।

ਪ੍ਰੋ ਗਿੱਲ ਨੇ ਕਿਹਾ ਕਿ ਗਿਆਨੀ ਤਰਲੋਚਨ ਸਿੰਘ ਭਮੱਦੀ ਨੇ ਇਤਿਹਾਸ ਦੀ ਰੂਪ ਰੇਖਾ ਉਲੀਕਦਿਆਂ ਇਤਿਹਾਸ ਦੀਆਂ ਮੁੱਲਵਾਨ ਪੁਸਤਕਾਂ ਵਿੱਚੋਂ ਹਵਾਲੇ ਦਿੱਤੇ ਹਨ ਤਾਂ ਜੋ ਪਾਠਕ ਗੁਮਰਾਹ ਨਾ ਹੋਵੇ। ਇਹ ਪੁਸਤਕ ਉਨ੍ਹਾਂ ਵੱਲੋਂ ਲਿਖੀ ਜਾ ਰਹੀ ਵੱਡ ਆਕਾਰੀ ਪੁਸਤਕ ਦਾ ਪਹਿਲਾ ਭਾਗ ਹੈ ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਹੋਏ ਇਤਿਹਾਸਕ ਮਿਲਾਪ ਤੋਂ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੀਕ ਦਾ ਜੀਵੰਤ ਪ੍ਰਮਾਣ ਹੈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਕਰਵਾਈ ਇਸ ਇਕੱਤਰਤਾ ਵਿੱਚ ਬੋਲਦਿਆਂ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ ਰਵਿੰਦਰ ਸਿੰਘ ਭੱਠਲ ਨੇ ਕਿਹਾ ਕਿ ਸਿੱਖ ਮਾਨਸਿਕਤਾ ਵਿੱਚ ਰਾਜ ਦਾ ਸੰਕਲਪ ਤਾਂ ਹੈ ਪਰ ਉਸ ਬਾਰੇ ਸਹੀ ਗਿਆਨ ਪੇਤਲਾ ਹੈ। ਇਹ ਪੁਸਤਕ ਜਨ ਮਾਣਸ ਦੀ ਭਾਸ਼ਾ ਵਿੱਚ ਲਿਖੀ ਹੋਣ ਕਰਕੇ ਇਤਿਹਾਸ ਦੀਆਂ ਗਲੀਆਂ ਵਿੱਚ ਸਾਨੂੰ ਘੁੰਮਾਵੇਗੀ। ਸ਼ਾਇਰੀ ਵਿਚ ਵਰਤੇ ਪਿੰਗਲ ਆਧਾਰਿਤ ਛੰਦ ਤੇ ਅਲੰਕਾਰ ਸਾਨੂੰ ਕਵਿਤਾ ਦੀ ਰੂਹ ਦੇ ਨੇੜੇ ਲੈ ਜਾਂਦੇ ਹਨ।

ਇਸ ਪੁਸਤਕ ਬਾਰੇ ਟਿਪਣੀ ਕਰਦਿਆਂ ਉੱਘੇ ਵਾਰਤਕ ਲੇਖਕ ਤੇ ਸੇਵਾ ਮੁਕਤ ਆਈ ਪੀ ਐੱਸ ਅਧਿਕਾਰੀ ਸ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਕਿ ਸਾਨੂੰ ਪਾਠਕ ਵਰਗ ਦਾ ਦਾਇਰਾ ਵਿਸ਼ਾਲ ਕਰਨ ਲਈ ਇਹੋ ਜਹੀਆਂ ਸੁਖੈਨ ਭਾਸ਼ਾ ਦੀਆਂ ਮੁੱਲਵਾਨ ਕਿਰਤਾਂ ਦੀ ਬਹੁਤ ਜ਼ਿਆਦਾ ਲੋੜ ਹੈ। ਚੰਗੀ ਵਾਰਤਕ ਤੇ ਕਵਿਤਾ ਦਾ ਸੁਮੇਲ ਇਸ ਕਿਤਾਬ ਦੀ ਸ਼ਕਤੀ ਹੈ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਗਿਆਨ ਦੇ ਲੜ ਲਾਵੇਗੀ। ਉਨ੍ਹਾਂ ਲਾਹੌਰ ਬੁੱਕ ਸ਼ਾਪ ਨੂੰ ਇਸ ਸ਼ਾਨਦਾਰ ਕਿਤਾਬ ਦੇ ਪ੍ਰਕਾਸ਼ਨ ਤੇ ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ ਨੂੰ ਪੁਸਤਕ ਦੀਆਂ ਪਹਿਲੀਆਂ ਪੰਜਾਹ ਕਿਤਾਬਾਂ ਖ਼ਰੀਦ ਕੇ ਪਿੰਡਾਂ ਦੇ ਨੌਜਵਾਨਾਂ ਵਿੱਚ ਵੰਡਣ ਲਈ ਮੁਬਾਰਕਬਾਦ ਦਿੱਤੀ।

ਭਮੱਦੀ ਦੇ ਸ਼ਾਗਿਰਦ ਅਤੇ ਉੱਘੇ ਲੇਖਕ ਕੁਲਦੀਪ ਸਿੰਘ ਬਰਮਾਲੀਪੁਰ ਸਰਪੰਚ ਤੇ ਸ ਪਵਿੱਤਰ ਸਿੰਘ ਪ੍ਰਧਾਨ ਨੇ ਵੀ ਸ ਤਰਲੋਚਨ ਸਿੰਘ ਭਮੱਦੀ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਪੁਸਤਕ ਦੇ ਪ੍ਰਕਾਸ਼ਕ ਸ ਗੁਰਮੰਨਤ ਸਿੰਘ ਲਾਹੌਰ ਬੁੱਕ ਸ਼ਾਪ ਵੀ ਹਾਜ਼ਰ ਸਨ।

ਧੰਨਵਾਦ ਦੇ ਸ਼ਬਦ ਬੋਲਦਿਆਂ ਸ ਤਰਲੋਚਨ ਸਿੰਘ ਭਮੱਦੀ ਨੇ ਕਿਹਾ ਕਿ ਮੇਰੀ ਪਹਿਲੀ ਕਾਵਿ ਪੁਸਤਕ "ਦਰ ਤੇਰੇ ਤੇ ਖੜ੍ਹੇ ਸਵਾਲੀ ਅਤੇ ਢਾਡੀਆਂ ਦੇ ਅੰਗ ਸੰਗ" ਦੀ ਘੁੰਡ ਚੁਕਾਈ ਵੀ ਪ੍ਰੋ ਗੁਰਭਜਨ ਸਿੰਘ ਗਿੱਲ ਹੱਥੋਂ ਹੀ ਹੋਈ ਸੀ। ਉਨ੍ਹਾਂ ਦਾ ਸਾਥ ਤੇ ਸਹਿਯੋਗ ਹੀ ਹੈ ਜਿਸ ਸਦਕਾ ਮੈਂ ਇਹ ਚੌਥੀ ਕਿਤਾਬ ਲਿਖਣ ਦੇ ਸਮਰੱਥ ਹੋ ਸਕਿਆ ਹਾਂ। ਉਨ੍ਹਾਂ ਇਸ ਮੌਕੇ ਸਾਰੇ ਹਾਜ਼ਰ ਦੋਸਤਾਂ ਦਾ ਧੰਨਵਾਦ ਕੀਤਾ।

# ਅਵਾਰਡ ਲਈ ਜੁਗਾੜ

-ਹਰਜੀਤ ਬੇਦੀ

ਪੁਰਾਣੇ ਸਮਿਆਂ ਤੋਂ ਹੀ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਲੋਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। ਉਹਨਾਂ ਨੂੰ ਇਨਾਮ ਅਤੇ ਸਨਮਾਨ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ। ਪਰ ਹੌਲੀ ਹੌਲੀ ਹਰ ਇੱਕ ਗੱਲ ਦੇ ਅਰਥ ਬਦਲ ਰਹੇ ਹਨ। ਅੱਜ ਹਾਲਤ ਇਹ ਹੈ ਕਿ ਬਹੁਤੇ ਲੋਕ ਅਵਾਰਡ ਪਰਾਪਤੀ ਲਈ ਕਿਸੇ ਖੇਤਰ ਵਿੱਚ ਘਾਲਣਾ ਕਰਨ ਦੀ ਥਾਂ ਜੁਗਾੜ ਬਣਾ ਲੈਂਦੇ ਹਨ। ਕਿਸੇ ਖੇਤਰ ਵਿੱਚ ਪਰਾਪਤੀ ਲਈ ਘਾਲਣਾ ਦੀ ਥਾਂ ਜੁਗਾੜ ਲਾਉਣ ਤੇ ਵੱਧ ਮੁਸ਼ੱਕਤ ਕਰਦੇ ਹਨ। ਜੁਗਾੜ ਨਾਲ ਪਰਾਪਤ ਕੀਤੇ ਅਜਿਹੇ ਸਨਮਾਨ ਦੀ ਘਰ ਵਿੱਚ ਨੁਮਾਇਸ਼ ਲਾ ਕੇ, ਆਏ ਗਏ ਨੂੰ ਗੱਲੀਂ ਬਾਤੀਂ ਮਿਲੇ ਅਵਾਰਡ ਤੇ ਨਜ਼ਰ ਪਵਾ ਕੇ ਅਤੇ ਅਖਬਾਰ ਵਿੱਚ ਫੋਟੋ ਛਪਵਾ ਕੇ ਧੰਨ ਧੰਨ ਹੋ ਜਾਂਦੇ ਹਨ। ਬਹੁਤੀ ਵਾਰ ਤਾਂ ਅਜਿਹੇ ਲੋਕ ਦੂਜਿਆਂ ਤੋਂ ਗਾਲਾਂ ਦਾ ਪਰਸ਼ਾਦ ਵੀ ਪਰਾਪਤ ਕਰਦੇ ਹਨ ਕਿਉਂਕਿ ਲੋਕ ਅੰਨ੍ਹੇ ਨਹੀਂ ਹੁੰਦੇ ਅਤੇ ਉਨ੍ਹਾਂ ਨੂੰ ਸਭ ਪਤਾ ਹੁੰਦਾ ਹੈ। ਪਰ ਇੱਕ ਗੱਲ ਜਰੂਰ ਹੈ ਕਿ ਉਹ ਚਰਚਾ ਵਿੱਚ ਜਰੂਰ ਰਹਿੰਦੇ ਹਨ ਭਾਵੇਂ ਇਹ ਨਾਂਹ ਪੱਖੀ ਹੀ ਹੋਵੇ। ਪਰ ਜੁਗਾੜੂ ਲੋਕਾਂ ਨੂੰ ਇਸ ਦੀ ਪਰਵਾਹ ਨਹੀਂ ਹੁੰਦੀ ਉਹ ਤਾਂ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਸਮਝ ਕੇ ਭੋਇੰ ਤੇ ਪੈਰ ਹੀ ਨਹੀਂ ਟਿਕਾਉਂਦੇ ਤੇ ਹਵਾ ਵਿੱਚ ਉੱਡੇ ਫਿਰਦੇ ਹਨ ਭਾਵੇਂ ਸੂਝਵਾਨ ਲੋਕਾਂ ਦੀ ਨਜ਼ਰ ਵਿੱਚੋਂ ਡਿੱਗ ਕੇ ਉਹਨਾਂ ਦਾ ਮੂੰਹ ਮੱਥਾ ਵਿਗੜਿਆ ਹੁੰਦਾ ਹੈ।

ਪਹਿਲਾਂ ਤਾਂ ਅਵਾਰਡ ਦੇਣ ਵਾਲੇ ਆਪਣੇ ਸੋਮਿਆਂ ਰਾਹੀਂ ਅਜਿਹੇ ਲੋਕਾਂ ਦੀ ਭਾਲ ਕਰਦੇ ਸਨ ਜਿਹੜੇ ਇਨਾਮ ਅਤੇ ਸਨਮਾਨ ਦੇ ਹੱਕਦਾਰ ਹੋਣ। ਪਰ ਬਦਲੇ ਹਾਲਤਾਂ ਮੁਤਾਬਕ ਅਵਾਰਡ ਲੈਣ ਲਈ ਬੇਨਤੀ ਕਰਨੀ ਪੈਂਦੀ ਹੈ ਤੇ ਚਾਹਵਾਨ ਲੋਕ ਗੈਂਗ ਬਣਾ ਕੇ ਇੱਕ ਦੂਜੇ ਦੇ ਨਾਵਾਂ ਦੀ ਸਿਫਾਰਸ਼ ਕਰਦੇ ਹਨ। ਜਿਸ ਅਥਾਰਟੀ ਨੇ ਇਹ ਸਨਮਾਨ ਦੇਣਾ ਹੋਵੇ ਉਸ ਤੱਕ ਪਹੁੰਚ ਕਰਨ ਲਈ ਉਸ ਦੇ ਨਜਦੀਕੀਆਂ ਪਿੱਛੇ ਘੁੰਮ ਘੁੰਮ ਜੁੱਤੀਆਂ ਘਸਾਈਆਂ ਜਾਂਦੀਆਂ ਹਨ। ਹੱਦ ਬੰਨੇ ਟੱਪ ਕੇ ਚਾਪਲੂਸੀ ਕੀਤੀ ਜਾਂਦੀ ਹੈ ਫਿਰ ਕਿਤੇ ਜਾ ਕੇ ਅਵਾਰਡ ਦਾ ਮੂੰਹ ਦੇਖਣਾ ਨਸੀਬ ਹੁੰਦਾ ਹੈ। ਇਹੋ ਜਿਹੇ ਅਵਾਰਡੀਆਂ ਨੇ ਅਵਾਰਡਾਂ ਨੂੰ ਇੰਨਾ ਬਦਨਾਮ ਕਰ ਦਿੱਤਾ ਹੈ ਕਿ ਬਹੁਤ ਸਾਰੇ ਸੁਹਿਰਦ ਅਤੇ ਨਿਰਸਵਾਰਥ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਲੋਕ ਅਜਿਹੇ ਅਵਾਰਡਾ ਤੋਂ ਕੰਨੀ ਕਤਰਾਉਂਦੇ ਹਨ ਅਤੇ ਬਹੁਤ ਹੀ ਘੱਟ ਬੇਨਤੀ ਪੱਤਰ ਭੇਜਦੇ ਹਨ।

ਕਈ ਵਾਰ ਅਥਾਰਟੀ ਵਲੋਂ ਇੱਕ ਤੋਂ ਵੱਧ ਵਿਅਕਤੀਆਂ ਨੂੰ ਇੱਕੋ ਸਮੇਂ ਅਵਾਰਡ ਦਿੱਤੇ ਜਾਂਦੇ ਹਨ ਅਜਿਹੇ ਮੌਕੇ ਤੇ ਜਦ ਇੱਕੋ ਪਲੇਟਫਾਰਮ ਤੋਂ ਕਿਸੇ ਸੁਹਿਰਦ ਵਿਅਕਤੀ ਅਤੇ ਜੁਗਾੜੂ ਨੂੰ ਸਨਮਾਨਿਆ ਜਾਂਦਾ ਹੈ ਤਾਂ ਕਈ ਵਾਰ ਸੁਹਿਰਦ ਵਿਅਕਤੀ ਦਾ ਮਨ ਗਿਲਾਨੀ ਨਾਲ ਭਰ ਜਾਂਦਾ ਹੈ। ਮੌਕੇ ਤੇ ਉਹ ਨਾਂਹ ਵੀ ਨਹੀਂ ਕਰ ਸਕਦਾ ਤੇ ਮਾਨਸਿਕ ਤੌਰ ਤੇ ਉਪਰਾਮ ਹੋਣਾ ਸੁਭਾਵਿਕ ਹੈ। ਪੱਥਰ ਤੇ ਹੀਰੇ ਨੂੰ ਇੱਕੋ ਤੱਕੜੀ ਵਿੱਚ ਤੋਲਣਾ ਕਦਾਚਿਤ ਵੀ ਜਾਇਜ ਨਹੀਂ। ਕਈ ਵਾਰ ਤਾਂ ਅਥਾਰਟੀ ਨੂੰ ਵੀ ਅਲੋਚਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਜਿਸ ਦਾ ਕੋਈ ਬਹੁਤਾ ਕਸੂਰ ਨਹੀਂ ਹੁੰਦਾ ਬੱਸ ਇੰਨੀ ਕੁ ਅਣਗਹਿਲੀ ਜਰੂਰ ਹੁੰਦੀ ਹੈ ਕਿ ਉਸ ਨੇ ਜਾਂ ਉਸ ਦੇ ਸਟਾਫ ਨੇ ਪੂਰੀ ਘੋਖ ਨਹੀਂ ਕੀਤੀ ਹੁੰਦੀ।

ਕਦੇ ਕਦੇ ਗੱਲ ਉਦੋਂ ਹੋਰ ਵੀ ਹਾਸੋਹੀਣੀ ਹੋ ਜਾਂਦੀ ਹੈ ਕਿ ਅਵਾਰਡ ਲੈਣ ਵਾਲਿਆਂ ਦੀ ਥਾਂ ਅਵਾਰਡ ਦੇਣ ਵਾਲੇ ਨਕਲੀ ਤੌਰ ਤੇ ਆਪਣਾ ਕੱਦ ਉੱਚਾ ਕਰਨ ਲਈ ਅਵਾਰਡ ਵੰਡਣ ਦਾ ਜੁਗਾੜ ਕਰਦੇ ਹਨ ਤਾਂ ਜੋ ਸਮਾਜ ਵਿੱਚ ਉਹਨਾਂ ਦੀ ਬੱਲੇ ਬੱਲੇ ਹੋਵੇ । ਉਹ ਅਜਿਹੀ ਮਿੱਟੀ ਦੇ ਬਣੇ ਹੁੰਦੇ ਹਨ ਕਿ ਅਵਾਰਡ ਦੇਣ ਲਈ ਹੋਕਾ ਦੇਣ ਤੱਕ ਜਾਂਦੇ ਹਨ। ਕਈ ਵਾਰ ਤਾਂ ਉਹਨਾਂ ਨੂੰ ਅਵਾਰਡ ਲੈਣ ਦਾ ਇੱਛਕ ਬੰਦਾ ਹੀ ਨਹੀਂ ਲਭਦਾ।

ਕਿਸੇ ਵੀ ਵਿਅਕਤੀ ਲਈ ਫੋਕੀ ਵਾਹ ਵਾਹ ਲਈ ਜੁਗਾੜ ਬਣਾ ਕੇ ਪ੍ਰਾਪਤ ਕੀਤੇ ਅਵਾਰਡ ਦੀ ਥਾਂ ਲੋਕਾਂ ਤੋਂ ਮਿਲਣ ਵਾਲਾ ਪਿਆਰ ਅਤੇ ਸਤਿਕਾਰ ਹੀ ਉੱਤਮ ਅਵਾਰਡ ਹੈ। ਲੋਕਾਂ ਦੇ ਦਿਲਾਂ ਵਿੱਚ ਵਸਣਾ ਸਭ ਤੋਂ ਵੱਡਾ ਅਵਾਰਡ ਹੈ। ਇਹ ਅਵਾਰਡ ਮਨੁੱਖ ਨੂੰ ਸੁਹਿਰਦਤਾ , ਨਿਰਸਵਾਰਥ ਲੋਕ ਸੇਵਾ ਜਾਂ ਸਮਾਜ ਭਲਾਈ ਦੇ ਕੰਮ ਕਰ ਕੇ ਹੀ ਪਰਾਪਤ ਹੋ ਸਕਦਾ ਹੈ।

## ਹਲਕਾ-ਫੁਲਕਾ



ਇੱਕ ਵਿਅਕਤੀ ਲੇਖਕ ਨੂੰ ਬੋਲਿਆ, ''ਤੁਸੀਂ ਕਦੇ ਫਿਲਮ ਬਣਾਈ ਨਹੀਂ, ਫਿਰ ਸਮੀਖਿਆ ਕੀ ਲਿਖੋਗੇ?''
ਲੇਖਕ, ''ਮੈਂ ਕਦੇ ਮੁਰਗੀ ਵਾਂਗ ਆਂਡੇ ਨਹੀਂ ਦੇ ਸਕਦਾ, ਪਰ ਆਮ-ਲੇਟ ਦੇ ਬਾਰੇ ਵਿੱਚ ਮੁਰਗੀ ਤੋਂ ਜ਼ਿਆਦਾ ਜਾਣਕਾਰੀ ਰੱਖਦਾ ਹਾਂ।''

********

ਰਾਜੀਵ ਨੇ ਸੰਜੀਵ ਨੂੰ ਦੱਸਿਆ, ''ਇਹ ਸੋਨੇ ਦਾ ਕੱਪ ਮੈਂ ਦੌੜ ਵਿੱਚ ਫਸਟ ਆ ਕੇ ਪ੍ਰਾਪਤ ਕੀਤਾ ਹੈ।''
ਸੰਜੀਵ, ''ਬਹੁਤ ਖੂਬ! ਤਾਂ ਤੇਰੇ ਪਿੱਛੇ ਕਿੰਨੇ ਲੋਕ ਸਨ।''
ਰਾਜੀਵ, ''ਤਿੰਨ, ਇੱਕ ਕੱਪ ਦਾ ਮਾਲਕ ਅਤੇ ਦੋ ਸਿਪਾਹੀ।''

********

ਦੋ ਪਾਗਲ ਪਾਗਲਖਾਨੇ ਤੋਂ ਦੌੜ ਕੇ ਸ਼ਹਿਰ ਵਿੱਚ ਘੁੰਮ ਰਹੇ ਸਨ। ਉਨ੍ਹਾਂ ਨੂੰ ਇੱਕ ਕੁੱਤਾ ਦਿਖਾਈ ਦਿੱਤਾ। ਇੱਕ ਪਾਗਲ ਨੇ ਝੁਕ ਕੇ ਕਿਹਾ, ''ਆਦਾਬ ਅਰਜ਼ ਕਰਦਾ ਹਾਂ ਹਾਥੀ ਸਾਹਿਬ।''
ਦੂਸਰੇ ਨੇ ਕਿਹਾ, ''ਓਏ ਇਹ ਹਾਥੀ ਨਹੀਂ ਹੈ।''
ਪਹਿਲਾ, ''ਮੈਨੂੰ ਪਤਾ ਹੈ, ਇਹ ਘੋੜਾ ਹੈ। ਮੈਂ ਤਾਂ ਮਜ਼ਾਕ ਕਰ ਰਿਹਾ ਹਾਂ।''

********

ਟੀਚਰ, ''ਅਸੀਂ ਸਭ ਮਰ ਗਏ, ਬਹੁ-ਵਚਨ ਹੈ ਤਾਂ ਫਿਰ 'ਮੈਂ ਮਰ ਗਿਆ' ਕੀ ਹੋਵੇਗਾ?''
ਮਨੂ, ''ਸਰ, ਸਕੂਲ ਵਿੱਚ ਛੁੱਟੀ ਹੋਵੇਗੀ।''

********

ਡੇਜ਼ੀ, ''ਮੇਰੇ ਕੰਨ ਦਾ ਆਪਰੇਸ਼ਨ ਹੋ ਗਿਆ ਹੈ। ਡਾਕਟਰ ਨੇ ਨਵਾਂ ਕੰਨ ਲਾ ਦਿੱਤੈ।''
ਵਿੱਕੀ, ''ਵਾਹ ਬਈ, ਹੈਪੀ ਨਿਊ ਈਅਰ।''

# ਚੁਣੋ ਆਫਬੀਟ ਕੋਰਸ

ਜੇ ਤੁਸੀਂ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕਰ ਲਈ ਹੈ ਪਰ ਅਜੇ ਤਕ ਕਰੀਅਰ ਦੀ ਚੋਣ ਨਹੀਂ ਕਰ ਸਕੇ ਤਾਂ ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਸਹੀ ਫ਼ੈਸਲਾ ਲਵੋ ਤੇ ਉਸ ਦਿਸ਼ਾ 'ਚ ਅੱਗੇ ਵਧੋ। ਕਰੀਅਰ ਚੁਣਦੇ ਸਮੇਂ ਸਭ ਤੋਂ ਅਹਿਮ ਹੁੰਦਾ ਹੈ ਕਿ ਆਪਣੀ ਰੁਚੀ ਤੇ ਸਮਰੱਥਾ ਦੀ ਪਛਾਣ ਕਰੋ ਤੇ ਸਫਲਤਾ ਲਈ ਖ਼ੁਦ ਨੂੰ ਤਿਆਰ ਕਰੋ। ਆਮ ਤੌਰ 'ਤੇ ਮਾਪੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਡਾਕਟਰ, ਇੰਜੀਨੀਅਰ, ਵਕੀਲ ਆਦਿ ਬਣਾਉਣ ਦੀ ਦਿਸ਼ਾ 'ਚ ਅੱਗੇ ਵਧਾਉਂਦੇ ਹਨ ਪਰ ਇਨ੍ਹਾਂ ਖੇਤਰਾਂ 'ਚ ਸਖ਼ਤ ਮੁਕਾਬਲਿਆਂ ਨੂੰ ਦੇਖਦਿਆਂ ਹੁਣ ਉਹ ਆਫਬੀਟ ਕਰੀਅਰ ਬਦਲ ਨੂੰ ਚੁਣਨ ਦਾ ਜੋਖਮ ਲੈਣ ਲਈ ਤਿਆਰ ਹਨ। ਇਨ੍ਹਾਂ ਕੋਰਸਾਂ 'ਚ ਵਿਦਿਆਰਥੀਆਂ ਦੇ ਸ਼ੌਕ ਤੇ ਰੁਚੀ ਨੂੰ ਤਰਜੀਹ ਦੇ ਰਹੇ ਹਨ। ਜੇ ਤੁਸੀਂ ਵੀ ਨਵੇਂ ਬਦਲਾਂ 'ਚੋਂ ਸੰਭਾਵਨਾਵਾਂ ਭਰੇ ਖੇਤਰ ਦੀ ਭਾਲ 'ਚ ਹੋ ਤਾਂ ਜਾਣੋ ਆਫਬੀਟ ਕੋਰਸਾਂ ਬਾਰੇ।

*ਸਿਨੇਮਾਟੋਗ੍ਰਾਫੀ:*
ਸ਼ਬਦੀ ਰੂਪ ਨਾਲ ਸਿਨੇਮਾਟੋਗ੍ਰਾਫੀ ਨੂੰ ਰਿਕਾਰਡਿੰਗ ਮੋਸ਼ਨ ਦੇ ਰੂਪ 'ਚ ਪਰਿਭਾਸ਼ਤ ਕੀਤਾ ਜਾਂਦਾ ਹੈ। ਸਕਰੀਨ 'ਤੇ ਦਿਖਾਈ ਦੇਣ ਵਾਲਾ ਹਰ ਦ੍ਰਿਸ਼ ਸਿਨੇਮਾਟੋਗ੍ਰਾਫੀ ਦਾ ਨਤੀਜਾ ਹੈ। ਇਕ ਸਿਨੇਮਾਟੋਗ੍ਰਾਫਰ ਫਿਲਮ ਨਿਰਦੇਸ਼ਕ ਜਾਂ ਸਕਰਿਪਟ ਰਾਈਟਰ ਦੀ ਕਲਪਨਾ ਅਨੁਸਾਰ ਕਿਸੇ ਵੀ ਦ੍ਰਿਸ਼ ਨੂੰ ਅਸਲੀਅਤ ਪ੍ਰਦਾਨ ਕਰਦਾ ਹੈ। ਕਲਾ ਤੇ ਤਕਨੀਕ ਨਾਲ ਮਿਲ ਕੇ ਬਣੀ ਵਿਧਾ ਸਿਨੇਮਾਟੋਗ੍ਰਾਫੀ ਫਿਲਮ ਨਿਰਮਾਣ ਦਾ ਵੱਖਰਾ ਅੰਗ ਹੈ ਤੇ ਉਸ ਦੀ ਸਫਲਤਾ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ।

*ਨੌਕਰੀ ਦੇ ਮੌਕੇ:*
ਇਸ ਖੇਤਰ 'ਚ ਸਿਨੇਮਾਟੋਗ੍ਰਾਫਰ, ਵੀਡੀਓ ਐਡੀਟਰ, ਡਾਇਰੈਕਟਰ ਤੇ ਫੋਟੋਗ੍ਰਾਫੀ, ਕੈਮਰਾਮੈਨ, ਵੀਡੀਓਗ੍ਰਾਫਰ ਆਦਿ ਵਜੋਂ ਕੰਮ ਕਰਨ ਦੇ ਮੌਕੇ ਮਿਲਦੇ ਹਨ। ਸਿਨੇਮਾਟੋਗ੍ਰਾਫਰ ਲਈ ਟੀਵੀ ਤੇ ਵੈੱਬ ਸਰੀਜ਼, ਫਿਲਮਾਂ ਏਸ਼ਨ ਯੂਨਿਟ, ਫਿਲਮ ਸਟੂਡੀਓ, ਵੀਡੀਓ ਬਿਜ਼ਨਸ ਆਦਿ 'ਚ ਕੰਮ ਕਰਨ ਦੀਆਂ ਬਿਹਤਰੀਨ ਸੰਭਾਵਨਾਵਾਂ ਮੌਜੂਦ ਹਨ।

*ਕੋਰਸ:*
ਇਲੈਕਟ੍ਰਾਨਿਕ ਸਿਨੇਮਾਟੋਗ੍ਰਾਫੀ 'ਚ ਇਕ ਸਾਲਾ ਪੀਜੀ ਸਰਟੀਫਿਕੇਟ ਕੋਰਸ, ਸਿਨੇਮਾਟੋਗ੍ਰਾਫੀ ਫਾਰ ਈਡੀਐੱਮ 'ਚ ਦੋ ਸਾਲਾ ਪੀਜੀ ਡਿਪਲੋਮਾ, ਸਿਨੇਮਾਟੋਗ੍ਰਾਫੀ 'ਚ ਤਿੰਨ ਸਾਲਾ ਪੀਜੀ ਡਿਪਲੋਮਾ ਕਰ ਸਕਦੇ ਹੋ। ਤੁਸੀਂ ਬਾਰ੍ਹਵੀਂ ਤੋਂ ਬਾਅਦ ਕਿਸੇ ਵੀ ਵਿਸ਼ੇ 'ਚ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਦਾਖ਼ਲਾ ਪ੍ਰੀਖਿਆ ਪਾਸ ਕਰ ਕੇ ਇਨ੍ਹਾਂ ਕੋਰਸਾਂ 'ਚ ਦਾਖ਼ਲਾ ਲੈ ਸਕਦੇ ਹੋ। ਕੁਝ ਸੰਸਥਾਵਾਂ 'ਚ ਫਿਲਮ ਮੇਕਿੰਗ ਦੇ ਨਾਲ ਸਿਨੇਮਾਟੋਗ੍ਰਾਫੀ 'ਚ ਬੀਐੱਸਸੀ, ਐਡਵਾਂਸ ਡਿਪਲੋਮਾ ਇਨ ਸਿਨੇਮਾਟੋਗ੍ਰਾਫੀ, ਪੀਜੀ ਡਿਪਲੋਮਾ ਇਨ ਸਿਨੇਮਾਟੋਗ੍ਰਾਫੀ ਕਰਵਾਉਂਦੀਆਂ ਹਨ।

*ਐਡਵਰਟਾਈਜ਼ਿੰਗ:*
ਇਸ਼ਤਿਹਾਰ ਯਾਨੀ ਐਡਵਰਟਾਈਜ਼ਿੰਗ ਕਿਸੇ ਵੀ ਚੀਜ਼ ਨੂੰ ਵਧਾਉਣ ਦਾ ਸ਼ਾਨਦਾਰ ਤਰੀਕਾ ਹੈ। ਇਹ ਕੰਪਨੀਆਂ ਤੇ ਬਰਾਂਡਾਂ ਵੱਲੋਂ ਆਪਣੇ ਉਤਪਾਦਾਂ/ਸੇਵਾਵਾਂ ਦੀ ਮਾਰਕੀਟਿੰਗ ਲਈ ਚੁਣਿਆ ਗਿਆ ਪਸੰਦੀਦਾ ਬਦਲ ਹੈ। ਇਸ ਲਈ ਅੱਜ ਦੇਸ਼ 'ਚ ਇਸ਼ਤਿਹਾਰਬਾਜ਼ੀ ਇਕ ਵੱਡਾ ਉਦਯੋਗ ਹੈ, ਜੋ ਹਮੇਸ਼ਾ ਮੁਨਾਫੇ 'ਚ ਰਹਿੰਦਾ ਹੈ।



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ ਪੰਜਾਬ

ਡਿਜੀਟਲੀਕਰਨ ਤੋਂ ਬਾਅਦ ਇਸ ਖੇਤਰ ਦਾ ਹੋਰ ਵਿਸਥਾਰ ਹੋਇਆ ਹੈ ਤੇ ਇਸ 'ਚ ਨਵੇਂ ਮੌਕੇ ਬਣੇ ਹਨ। ਜੇ ਤੁਹਾਡੇ 'ਚ ਕ੍ਰਿਏਟਿਵ ਕਰਨ ਤੇ ਕੁਝ ਵੱਖਰਾ ਸੋਚਣ ਦੀ ਸਮਰੱਥਾ ਹੈ ਤਾਂ ਤੁਸੀਂ ਇਸ ਖੇਤਰ 'ਚ ਖ਼ੁਦ ਨੂੰ ਅੱਗੇ ਵਧਾ ਸਕਦੇ ਹੋ।

*ਕੰਮ ਦੇ ਮੌਕੇ:*
ਤੁਸੀਂ ਇਸ ਖੇਤਰ 'ਚ ਕਾਪੀ ਰਾਈਟਰ,ਕ੍ਰਿਏਟਿਵ ਡਾਇਰੈਕਟਰ, ਆਰਟ ਡਾਇਰੈਕਟਰ, ਪ੍ਰੋਡਕਸ਼ਨ ਮੈਨੇਜਰ, ਮੀਡੀਆ ਪਲਾਨਿੰਗ ਮੈਨੇਜਰ, ਪੀਪੀਸੀ ਆਦਿ ਵਜੋਂ ਕੰਮ ਕਰ ਸਕਦੇ ਹੋ। ਕਿਸੇ 'ਚ ਵੀ ਇਸ਼ਤਿਹਾਰਬਾਜ਼ੀ ਕੰਪਨੀ 'ਚ ਕੰਮ ਕਰ ਸਕਦੇ ਹੋ। ਇਸ 'ਚ ਫ੍ਰੀਲਾਂਸਰ ਵਜੋਂ ਵੀ ਕੰਮ ਕਰਨ ਦਾ ਬਦਲ ਹੈ।

*ਕੋਰਸ:*
ਬਾਰ੍ਹਵੀਂ ਤੋਂ ਬਾਅਦ ਕਿਸੇ ਵੀ ਵਿਸ਼ੇ 'ਚ ਗ੍ਰੈਜੂਏਸ਼ਨ ਕਰਨ ਦੇ ਨਾਲ ਆਪਣੇ ਕਮਿਊਨੀਕੇਸ਼ਨ ਸਕਿੱਲ ਤੇ ਇੰਗਲਿਸ਼ ਨੂੰ ਬਿਹਤਰ ਬਣਾ ਕੇ ਐਡਵਰਟਾਈਜ਼ਿੰਗ ਐਂਡ ਕਮਿਊਨੀਕੇਸ਼ਨ, ਮਾਰਕੀਟਿੰਗ ਐਂਡ ਐਡਵਰਟਾਈਜ਼ਿੰਗ, ਐਡਵਰਟਾਈਜ਼ਿੰਗ ਮੈਨੇਜਮੈਂਟ, ਐਡਵਰਟਾਈਜ਼ਿੰਗ ਐਂਡ ਪਬਲਿਕ ਰਿਲੇਸ਼ਨ 'ਚ ਡਿਪਲੋਮਾ ਜਾਂ ਪੋਸਟ ਗ੍ਰੈਜੂਏਸ਼ਨ ਡਿਪਲੋਮਾ ਕੋਰਸ ਕਰ ਕੇ ਇਸ ਖੇਤਰ 'ਚ ਦਾਖ਼ਲ ਹੋ ਸਕਦੇ ਹੋ।

*ਇੰਟੀਰੀਅਰ ਡਿਜ਼ਾਈਨਿੰਗ:*
ਇਹ ਮੌਜੂਦਾ ਸਮੇਂ ਸਭ ਤੋਂ ਆਕਰਸ਼ਕ ਕਰੀਅਰ ਬਦਲਾਂ 'ਚੋਂ ਇਕ ਹੈ। ਘਰ ਹੋਵੇ ਜਾਂ ਦਫ਼ਤਰ, ਹੋਟਲ ਹੋਵੇ ਜਾਂ ਮਾਲ, ਉਸ ਨੂੰ ਰੌਚਕ ਤੇ ਖ਼ੂਬਸੂਰਤ ਬਣਾਉਣ 'ਚ ਇੰਟੀਰੀਅਰ ਡਿਜ਼ਾਈਨਰ ਅਹਿਮ ਭੂਮਿਕਾ ਨਿਭਾਉਂਦੇ ਹਨ।

*ਨੌਕਰੀ ਦੇ ਮੌਕੇ:*
ਇੰਟੀਰੀਅਰ ਡਿਜ਼ਾਈਨਰ ਲਈ ਆਰਕੀਟੈਕਚਰਲ ਫਰਮ, ਕੰਸਟਰੱਕਸ਼ਨ ਫਰਮ, ਰਿਅਲ ਅਸਟੇਟ ਕੰਪਨੀ, ਟਾਊਨ ਐਂਡ ਸਿਟੀ ਪਲਾਨਿੰਗ ਬਿਓਰੋ, ਡਿਜ਼ਾਈਨ ਸਟੂਡੀਓ, ਹੋਟਲ ਤੇ ਰੈਸਟੋਰੈਂਟ, ਡਿਜ਼ਾਈਨਿੰਗ ਇੰਸਟੀਚਿਊਟ 'ਚ ਕੰਮ ਕਰਨ ਦੇ ਮੌਕੇ ਹਨ। ਇੰਟੀਰੀਅਰ ਡਿਜ਼ਾਈਨਰ ਵਜੋਂ ਕੰਮ ਕਰ ਕੇ ਤੁਸੀਂ ਕਿਸੇ ਫਰਮ 'ਚ ਨੌਕਰੀ ਕਰ ਸਕਦੇ ਹੋ। ਇਹ ਖੇਤਰ ਸੁਤੰਤਰ ਰੂਪ 'ਚ ਕੰਮ ਕਰਨ ਤੇ ਪਛਾਣ ਬਣਾਉਣ ਦਾ ਮੌਕਾ ਦਿੰਦਾ ਹੈ।

*ਕੋਰਸ:*
ਬਾਰ੍ਹਵੀਂ ਤੋਂ ਬਾਅਦ ਬੈਚਲਰ ਆਫ ਇੰਟੀਰੀਅਰ ਡਿਜ਼ਾਈਨਿੰਗ ਜਾਂ ਬੀਐੱਸਸੀ ਇਨ ਇੰਟੀਰੀਅਰ ਡਿਜ਼ਾਈਨ ਕਰ ਸਕਦੇ ਹੋ। ਇਸ ਖੇਤਰ 'ਚ ਕਰੀਅਰ ਬਣਾਉਣ ਲਈ ਡਿਪਲੋਮਾ ਇਨ ਇੰਟੀਰੀਅਰ ਡਿਜ਼ਾਈਨ, ਪੀਜੀ ਡਿਪਲੋਮਾ ਇਨ ਇੰਟੀਰੀਅਰ ਡਿਜ਼ਾਈਨ ਐਂਡ ਡੈਕੋਰੇਸ਼ਨ, ਐਡਵਾਂਸ ਡਿਪਲੋਮਾ ਇਨ ਇੰਟੀਰੀਅਰ ਡਿਜ਼ਾਈਨ ਜਿਹੇ ਕੋਰਸ ਵੀ ਪਸੰਦੀਦਾ ਹਨ।



*ਚਾਰਟਰਡ ਅਕਾਊਂਟੈਂਟ:*
ਚਾਰਟਰਡ ਅਕਾਊਂਟੈਂਟ (ਸੀਏ) ਵਧੀਆ ਕਰੀਅਰ ਵਜੋਂ ਪ੍ਰਸਿੱਧ ਹੈ। ਸੀਏ ਕਿਸੇ ਵੀ ਆਰਗੇਨਾਈਜ਼ੇਸ਼ਨ ਜਾਂ ਬਿਜ਼ਨਸ ਯੂਨਿਟ ਲਈ ਫਾਈਨਾਂਸ਼ੀਅਲ ਅਕਾਊਂਟਿੰਗ ਤੇ ਟੈਕਸ ਮੈਨੇਜਮੈਂਟ ਦਾ ਕੰਮ ਕਰਦੇ ਹਨ। ਚਾਰਟਡ ਅਕਾਊਂਟੈਂਟ ਬਾਰੇ ਆਮ ਧਾਰਨਾ ਹੈ ਕਿ ਕਾਮਰਸ ਜਾਂ ਗਣਿਤ ਵਿਸ਼ਿਆਂ ਵਾਲੇ ਵਿਦਿਆਰਥੀ ਇਹ ਕਰੀਅਰ ਚੁਣਦੇ ਹਨ, ਜਦੋਂਕਿ ਕਿਸੇ ਵੀ ਵਿਸ਼ੇ 'ਚ ਬਾਰ੍ਹਵੀਂ ਪਾਸ ਕਰਨ ਵਾਲੇ ਸੀਏ ਦੀ ਪ੍ਰੀਖਿਆ ਦੇ ਸਕਦੇ ਹਨ।

*ਨੌਕਰੀ ਦੇ ਮੌਕੇ:*
ਦੇਸ਼ ਵਿਚ ਗੁਡਜ਼ ਐਂਡ ਸਰਵਿਸ ਟੈਕਸ ਯਾਨੀ ਜੀਐੱਸਟੀ ਲਾਗੂ ਹੋਣ ਤੋਂ ਬਾਅਦ ਸੀਏ ਦੀ ਮੰਗ ਬਹੁਤ ਜ਼ਿਆਦਾ ਵੱਧ ਗਈ ਹੈ। ਸੀਏ ਕੋਲ ਸੁਤੰਤਰ ਰੂਪ 'ਚ ਕੰਮ ਕਰਨ ਦੇ ਬਹੁਤ ਸਾਰੇ ਮੌਕੇ ਹੁੰਦੇ ਹਨ। ਬਤੌਰ ਸੀਏ ਪਬਲਿਕ ਤੇ ਪ੍ਰਾਈਵੇਟ ਸੈਕਟਰ ਦੇ ਬੈਂਕ, ਪਬਲਿਕ ਲਿਮਟਿਡ ਕੰਪਨੀਆਂ, ਆਡੀਟਿੰਗ ਫਰਮਾਂ, ਫਾਈਨਾਂਸ ਕੰਪਨੀਆਂ, ਸਟਾਕ ਬ੍ਰੋਕਿੰਗ ਕੰਪਨੀਆਂ ਆਦਿ ਨਾਲ ਕੰਮ ਕਰ ਸਕਦੇ ਹੋ।

*ਐਨੀਮੇਸ਼ਨ:*
ਵੱਧਦੀ ਤਕਨੀਕ ਨਾਲ ਐਨੀਮੇਸ਼ਨ ਇਨ੍ਹੀਂ ਦਿਨੀਂ ਸਭ ਤੋਂ ਜ਼ਿਆਦਾ ਸਕੋਪ ਵਾਲੇ ਕਰੀਅਰ ਬਦਲਾਂ 'ਚੋਂ ਇਕ ਬਣ ਗਿਆ ਹੈ। ਐਨੀਮੇਸ਼ਨ ਗ੍ਰਾਫਿਕਸ ਜਾਂ ਮਲਟੀ ਮੀਡੀਆ ਵੀਡੀਓ, ਡਿਜ਼ਾਈਨਿੰਗ, ਡਰਾਇੰਗ ਤੇ ਪ੍ਰੋਡਕਸ਼ਨ ਨਾਲ ਸਬੰਧਤ ਹੈ। ਐਨੀਮੇਸ਼ਨ 'ਚ ਉਨ੍ਹਾਂ ਲੋਕਾਂ ਲਈ ਭਰਪੂਰ ਸੰਭਾਵਨਾਵਾਂ ਹਨ, ਜੋ ਕਿਸੇ ਕਿਰਦਾਰ 'ਚ ਜਾਦੂ ਪੈਦਾ ਕਰਨਾ ਪਸੰਦ ਕਰਦੇ ਹਨ। ਮਨੋਰੰਜਨ ਤੋਂ ਲੈ ਕੇ ਇਸ਼ਤਿਹਾਰ ਵਿਭਾਗ ਦੇ ਖੇਤਰ ਤਕ ਕਈ ਤਰ੍ਹਾਂ ਦੇ ਕੰਮਾਂ 'ਚ ਐਨੀਮੇਸ਼ਨ ਪੇਸ਼ੇਵਰਾਂ ਲਈ ਕੰਮ ਕਰਨ ਦੇ ਮੌਕੇ ਮੁਹੱਈਆ ਹਨ।

*ਰੁਜ਼ਗਾਰ ਦੇ ਮੌਕੇ:*
ਇਸ਼ਤਿਹਾਰ ਵਿਭਾਗ, ਫਿਲਮ ਤੇ ਟੈਲੀਵਿਜ਼ਨ ਖੇਤਰ, ਕਾਰਟੂਨ ਪ੍ਰੋਡਕਸ਼ਨ, ਆਨਲਾਈਨ ਤੇ ਪ੍ਰਿੰਟ ਨਿਊਜ਼ ਮੀਡੀਆ, ਵੀਡੀਓ ਗੇਮਿੰਗ, ਈ-ਲਰਨਿੰਗ ਖੇਤਰਾਂ 'ਚ ਐਨੀਮੇਸ਼ਨ ਪੇਸ਼ੇਵਰਾਂ ਦੀ ਬਹੁਤ ਮੰਗ ਹੈ।

*ਕੋਰਸ:*
ਬਾਰ੍ਹਵੀਂ ਤੋਂ ਬਾਅਦ ਐਨੀਮੇਸ਼ਨ ਤੇ ਮਲਟੀ ਮੀਡੀਆ 'ਚ ਬੀਐੱਸਸੀ, ਐਨੀਮੇਸ਼ਨ ਤੇ ਗੇਮ ਤਕਨਾਲੋਜੀ 'ਚ ਬੀਐੱਸਸੀ, ਬੀਏ ਆਨਰਜ਼, 3ਡੀ ਐਨੀਮੇਸ਼ਨ, ਐਨੀਮੇਸ਼ਨ ਐਂਡ ਗ੍ਰਾਫਿਕ ਡਿਜ਼ਾਈਨ 'ਚ ਬੀਏ, ਬੀਐੱਸਸਸੀ ਐਨੀਮੇਸ਼ਨ ਕਰਨ ਦਾ ਬਦਲ ਹੈ। ਤੁਸੀਂ ਚਾਹੋ ਤਾਂ ਆਪਣੀ ਯੋਗਤਾ ਤੇ ਜ਼ਰੂਰਤ ਅਨੁਸਾਰ ਐਡਵਾਂਸ ਡਿਪਲੋਮਾ ਇਨ 3ਡੀ ਐਨੀਮੇਸ਼ਨ, ਐਡਵਾਂਸ ਡਿਪਲੋਮਾ ਇਨ ਐਨੀਮੇਸ਼ਨ ਐਂਡ ਵਿਜ਼ੂਅਲ ਇਫੈਕਟਸ, ਐਡਵਾਂਸ ਡਿਪਲੋਮਾ ਇਨ ਐਨੀਮੇਸ਼ਨ ਇੰਜੀਨੀਅਰਿੰਗ ਕਰ ਸਕਦੇ ਹੋ। ਗ੍ਰੈਜੂਏਸ਼ਨ ਤੋਂ ਬਾਅਦ ਐਨੀਮੇਸ਼ਨ ਐਂਡ ਮਲਟੀ ਮੀਡੀਆ 'ਚ ਐੱਮਐੱਸਸੀ, 3ਡੀ ਐਨੀਮੇਸ਼ਨ 'ਚ ਪੋਸਟ ਗ੍ਰੈਜੂਏਟ ਡਿਪਲੋਮਾ, 3ਡੀ ਕਮਿਊਨੀਕੇਸ਼ਨ 'ਚ ਪੀਜੀ ਡਿਪਲੋਮਾ ਕਰ ਕੇ ਇਸ ਖੇਤਰ 'ਚ ਮਜ਼ਬੂਤ ਕਰੀਅਰ ਦੀ ਨੀਂਹ ਰੱਖ ਸਕਦੇ ਹੋ।

# ਭਾਲ ਇੱਕ ਮਜ਼ਬੂਤ ਨੇਤਾ ਦੀ ਜੋ ਮੋਦੀ ਨੂੰ ਚੁਣੌਤੀ ਦੇ ਸਕੇ

ਕਲਿਆਣੀ ਸ਼ੰਕਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਅੱਠ ਸਾਲਾਂ ਵਿੱਚ ਆਪਣੇ ਆਪ ਨੂੰ ਇਸ ਹੱਦ ਤੱਕ ਆਪਣੀ ਪਾਰਟੀ ਤੇ ਇਸ ਤੋਂ ਬਾਹਰ ਬਹੁਤ ਮਜ਼ਬੂਤ ਕੀਤਾ ਹੈ ਕਿ ਉਨ੍ਹਾਂ ਦੀ ਪ੍ਰਸਿੱਧੀ ਕਾਰਨ ਕੋਈ ਵੀ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸੰਭਾਵੀ ਉਮੀਦਵਾਰ ਉਨ੍ਹਾਂ ਦੇ ਰਾਹ ਵਿੱਚ ਖੜਾ ਨਹੀਂਹੋ ਸਕਦਾ। ਨਰਿੰਦਰ ਮੋਦੀ 2024 ਵਿੱਚ ਆਪਣੇ ਤੀਜੇ ਕਾਰਜਕਾਲ ਲਈ ਤਿਆਰ ਹਨ। ਪਿਛਲੇ ਹਫਤੇ 'ਇੰਡੀਆ ਟੁਡੇ' ਅਤੇ ਸੀ-ਵੋਟਰ ਵੱਲੋਂ ਕਰਵਾਏ ਗਏ ਸਰਵੇ ਵਿੱਚ 53 ਫੀਸਦੀ ਲੋਕਾਂ ਨੇ ਅਗਲੇ ਪ੍ਰਧਾਨ ਮੰਤਰੀ ਵਜੋਂ ਮੁੜ ਕੇ ਨਰਿੰਦਰ ਮੋਦੀ ਨੂੰ ਆਪਣੀ ਪਸੰਦ ਦੱਸਿਆ ਹੈ।

2014 ਅਤੇ 2019 ਵਿੱਚ ਵਿਰੋਧੀ ਪਾਰਟੀਆਂ ਨਰਿੰਦਰ ਮੋਦੀ ਨੂੰ ਚੁਣੌਤੀ ਦੇਣ ਦੇ ਲਈ ਤਰਸਯੋਗ ਹਾਲਤ ਵਿੱਚ ਅਸਫਲ ਹੋਈਆਂ। ਪਿੱਛੇ ਜਿਹੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਨੇ ਦਿਖਾ ਦਿੱਤਾ ਕਿ ਵਿਰੋਧੀ ਧਿਰ ਖਿੱਲਰੀ ਪਈ ਅਤੇ ਭਾਜਪਾ ਆਪਣੀ ਚੋਣ ਮਸ਼ੀਨਰੀ ਨਾਲ ਪੂਰੀ ਤਰ੍ਹਾਂ ਸਰਗਰਮ ਹੈ। ਅੱਜ ਲੋਕਾਂ ਦਾ ਧਿਆਨ 'ਮੋਦੀ ਬਨਾਮ ਕੌਣ' ਦੇ ਬਜਾਏ '2024 ਲਈ ਸਿਰਫ ਮੋਦੀ' ਉੱਤੇ ਟਿਕਿਆ ਹੈ। ਇਸ ਲਈ ਮੋਦੀ ਨੇ ਆਪਣੇ ਆਪ ਨੂੰ ਸਥਾਪਤ ਕੀਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਅੱਠ ਸਾਲ ਪਹਿਲਾਂ ਕੌਮੀ ਪਰਦੇ ਉੱਤੇਨਰਿੰਦਰ ਮੋਦੀ ਦੇ ਦਾਖਲੇ ਪਿੱਛੋਂ ਚੋਣ ਮੁਹਿੰਮ ਦਾ ਸਟਾਈਲ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਰਗਾ ਹੋ ਗਿਆ ਹੈ। ਇਹੀ ਕਾਰਨ ਹੈ ਕਿ 2024 ਦੀਆਂ ਆਮ ਚੋਣਾਂ ਬਾਰੇ ਬਹੁਤ ਜ਼ਿਆਦਾ ਗੱਲ ਕੀਤੀ ਜਾ ਰਹੀ ਹੈ, ਜਿਸ ਵਿੱਚ ਦੋ ਸਾਲ ਸਮਾਂ ਰਹਿੰਦਾ ਹੈ। ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਤਾਕਤਾਂ ਜੋੜ-ਤੋੜ ਕਰ ਸਕਦੀਆਂ ਹਨ। ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਉੱਤੇ ਸਹਿਮਤੀਦਾ ਹੋਣਾ ਇੱਕ ਔਖਾ ਕੰਮ ਹੈ ਕਿਉਂਕਿ ਖੇਤਰੀ ਪਾਰਟੀਆਂ ਵੱਖ-ਵੱਖ ਦਿਸ਼ਾਵਾਂ ਵੱਲ ਅੱਗੇ ਵਧ ਰਹੀਆਂ ਅਤੇ ਆਪਣੀ-ਆਪਣੀ ਬੀਨ ਵਜਾ ਰਹੀਆਂ ਹਨ।ਨਰਿੰਦਰਮੋਦੀ ਉਹ ਸਿਆਸੀ ਆਗੂ ਸਨ, ਜਿਨ੍ਹਾਂ ਨੇ 2014 ਵਿੱਚ ਲੋਕਾਂ ਲਈ ਉਮੀਦ ਜਗਾਈ। ਸਾਲ 2019 ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਕੌਮੀ ਨੇਤਾ ਵਜੋਂ ਪੇਸ਼ ਕੀਤਾ ਅਤੇ 2024 ਲਈ ਖੁਦ ਨੂੰ ਲਾਂਚ ਕਰ ਲਿਆ ਹੈ। ਮੋਦੀ ਭਾਰਤ ਦੇ ਸਭ ਤੋਂ ਪ੍ਰਸਿੱਧ ਨੇਤਾ ਬਣ ਗਏ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿੱਛੇ ਜਿਹੇ ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਬੈਠਕ ਵਿੱਚ ਐਲਾਨ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਐੱਨ ਡੀ ਏ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਹੋਣਗੇ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਜਿਨ੍ਹਾਂ ਨੇ ਆਪਣਾ ਦੂਸਰਾ ਕਾਰਜਕਲ ਜਿੱਤਿਆ ਹੈ, ਨੇ ਵੀ ਪਾਰਟੀ ਆਗੂਆਂ ਨੂੰ ਕਿਹਾ ਕਿ 2024 ਦੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਸੂਬੇ ਦੀਆਂ ਅੱਸੀ ਸੀਟਾਂ ਵਿੱਚੋਂ ਘੱਟੋ-ਘੱਟ 75 ਸੀਟਾਂ ਚਾਹੀਦੀਆਂ ਹਨ।

ਫਿਰ ਵੀ ਦੋ ਤਾਜ਼ਾ ਘਟਨਾਵਾਂ ਨੇ ਭਾਰਤੀ ਸਿਆਸਤ ਵਿੱਚ ਨਵੀਂ ਜਾਨ ਪਾ ਦਿੱਤੀ ਹੈ। ਪਹਿਲਾ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦਾ ਦੋ-ਫਾੜ ਹੋਣਾ ਤੇ ਭਾਜਪਾ ਦੀ ਹਮਾਇਤ ਨਾਲ ਬਾਗੀ ਨੇਤਾ ਸ਼ਿੰਦੇ ਗਰੁੱਪ ਵੱਲੋਂ ਸਰਕਾਰ ਬਣਾਉਣਾ। ਦੂਜਾ ਇਸ ਘਟਨਾ ਚੱਕਰ ਕੁਝ ਮੁੱਦਿਆਂ ਬਾਰੇ ਜਨਤਾ ਦਲ (ਯੂ) ਅਤੇ ਭਾਜਪਾ ਵਿੱਚ ਤਣਾਅ ਵਧਾਉਣਾ ਹੈ। ਇਸ ਵਿੱਚ ਜਾਤੀ ਮਰਦਮ ਸ਼ੁਮਾਰੀ, ਆਬਾਦੀ ਉੱਤੇ ਕੰਟਰੋਲ ਅਤੇ ਅਗਨੀਪੱਥ ਰੱਖਿਆ ਭਰਤੀ ਸਕੀਮ ਵਰਗੇ ਮੁੱਦੇ ਸ਼ਾਮਲ ਹਨ।

ਮਹਾਰਾਸ਼ਟਰ ਅਤੇ ਬਿਹਾਰ ਨੇ ਲੋਕ ਸਭਾ ਦੀਆਂ ਕੁੱਲ 543 ਸੀਟਾਂ ਦਾ 6ਵੇਂ ਹਿੱਸੇ ਤੋਂ ਵੱਧ (88 ਸੀਟਾਂ) ਦੇਣੀਆਂ ਹਨ। ਇਹ ਭਾਜਪਾ ਅਤੇ ਵਿਰੋਧੀ ਧਿਰ ਦੋਵਾਂ ਲਈ ਅਹਿਮ ਹਨ। ਕਾਂਗਰਸੀ ਨੇਤਾ ਰਾਹੁਲ ਗਾਂਧੀ ਅਤੇ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ ਤੋਂ ਇਲਾਵਾ ਦੇਸ਼ ਵਿੱਚ ਘੱਟੋ-ਘੱਟ ਚਾਰ ਆਗੂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਹਨ। 2011 ਵਿੱਚ ਕਾਂਗਰਸ ਤੇ ਖੱਬੇ ਪੱਖੀ ਪਾਰਟੀਆਂ ਨੂੰ ਸਿਫਰ ਕਰਨ ਪਿੱਛੋਂ ਮਮਤਾ ਬੈਨਰਜੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਖੁਦ ਨੂੰ ਦਾਅਵੇਦਾਰ ਮੰਨਦੀ ਹੈ। ਟੀ ਐੱਮ ਸੀ ਦੀ ਦਲੀਲ ਹੈ ਕਿ ਇਸ ਅਹੁਦੇ ਲਈ ਮਮਤਾ ਇੱਕੋ ਇੱਕ ਢੁੱਕਵੀਂ ਉਮੀਦਵਾਰ ਹੈ। 2011 ਤੋਂ ਲੈ ਕੇ ਪੱਛਮੀ ਬੰਗਾਲ ਵਿੱਚ ਉਨ੍ਹਾਂ ਨੇ ਅੱਜ ਤੱਕ ਸਭ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ। ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵੱਡੇ ਆਲੋਚਕ ਹਨ। 2018 ਤੋਂ ਹੀ ਰਾਓ ਕੌਮੀ ਦ੍ਰਿਸ਼ ਉੱਤੇ ਆਉਣ ਦੀ ਤਿਆਰੀ ਵਿੱਚ ਰਹੇ ਹਨ। 2014 ਤੋਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਤ੍ਰਿਣਮੂਲ ਕਾਂਗਰਸ ਅਤੇ ਤੇਲੰਗਾਨਾ ਰਾਸ਼ਟਰੀ ਸਮਿਤੀ ਨੇ ਬਹੁਤ ਵੱਡੀ ਜਿੱਤ ਹਾਸਲ ਕੀਤੀ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਸ ਦੌੜ ਵਿੱਚ ਤੀਜੇ ਆਗੂ ਹਨ। 2015 ਤੋਂ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਬਣੇ ਹੋਏ ਹਨ। ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਹਨ। 2022 ਵਿੱਚ ਪੰਜਾਬ ਦੀਆਂ ਚੋਣਾਂ ਜਿੱਤਣ ਪਿੱਛੋਂ ਆਮ ਆਦਮੀ ਪਾਰਟੀ ਦੇ ਬੁਲਾਰੇ ਰਾਘਵ ਚੱਢਾ ਨੇ ਕਿਹਾ ਹੈ ਕਿ ਕੇਜਰੀਵਾਲ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋ ਸਕਦੇ ਹਨ।ਚੌਥੇ ਨੰਬਰ ਉੱਤੇ ਇਸ ਅਹੁਦੇ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਨਾਂਅ ਆਉਂਦਾ ਹੈ, ਜੋ ਐੱਨ ਡੀ ਏ ਗੱਠਜੋਵ ਤੋਂ ਵੱਖ ਹੋਣ ਪਿੱਛੋਂ ਸੂਬੇ ਦੇ 8ਵੀਂ ਵਾਰ ਮੁੱਖ ਮੰਤਰੀ ਬਣੇ ਹਨ। ਇਸ ਵਾਰ ਉਹ ਰਾਸ਼ਟਰੀ ਜਨਤਾ ਦਲ ਦੀ ਹਮਾਇਤ ਨਾਲ ਇਸ ਥਾਂ ਪੁੱਜੇ ਹਨ।ਆਜ਼ਾਦੀ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਬਿਹਾਰ ਨੇ ਕੇਂਦਰ ਦੀ ਕੌਮੀ ਸਿਆਸਤ ਵਿੱਚ ਕੇਂਦਰ ਬਿੰਦੂ ਵਾਂਗ ਕੰਮ ਕੀਤਾ ਹੈ। ਇਸ ਸੂਬੇ ਦੀਆਂ ਲੋਕ ਸਭਾ ਵਿੱਚ ਚਾਲੀ ਸੀਟਾਂ ਹਨ। 2019 ਤੋਂ ਬਾਅਦ ਭਾਜਪਾ ਨਾਲੋਂ ਸ਼ਿਵ ਸੈਨਾ ਅਤੇ ਅਕਾਲੀ ਦਲ ਦੇ ਵੱਖ ਹੋਣ ਪਿੱਛੋਂ ਜਨਤਾ ਦਲ (ਯੂ) ਐੱਨ ਡੀ ਏ ਗੱਠਜੋੜ ਦਾ ਚੌਥਾ ਪ੍ਰਮੁੱਖ ਸਹਿਯੋਗੀ ਦਲ ਬਣਿਆ ਸੀ। ਸਹੁੰ ਚੁੱਕਣ ਪਿੱਛੋਂ ਨਿਤੀਸ਼ ਕੁਮਾਰ ਨੇ ਨਰਿੰਦਰ ਮੋਦੀਬਾਰੇ ਕਿਹਾ ਕਿ ਜਿਹੜੇ ਵਿਅਕਤੀ 2014 ਵਿੱਚ ਸੱਤਾ ਵਿੱਚ ਆਏ ਸਨ, ਕੀ ਉਹ 2024 ਵਿੱਚ ਜੇਤੂ ਹੋਣਗੇ? ਮੈਂ ਸਭ ਵਿਰੋਧੀ ਪਾਰਟੀਆਂ ਦੀ 2024 ਲਈ ਏਕਤਾ ਦੀ ਕਾਮਨਾ ਕਰਦਾ ਹਾਂ।2015 ਵਿੱਚ ਨਿਤੀਸ਼ ਕੁਮਾਰ ਦਾ ਸਿਤਾਰਾ ਵਧੇਰੇ ਬੁਲੰਦ ਸੀ। ਉਦੋਂ ਵਿਰੋਧੀ ਧਿਰ ਨੇ ਬਿਹਾਰ ਵਿੱਚ ਭਾਜਪਾ ਨੂੰ ਹਰਾਇਆ ਅਤੇ ਨਿਤੀਸ਼ ਕੁਮਾਰ ਸੂਬੇ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਮਹਾਗੱਠਜੋੜ ਨੂੰ ਛੱਡਿਆ ਅਤੇ ਭਾਜਪਾ ਨਾਲ ਹੱਥ ਮਿਲਾ ਲਿਆ। ਉਨ੍ਹਾਂ ਨੂੰ ਮੌਕਾਪ੍ਰਸਤ ਆਗੂ ਕਿਹਾ ਜਾਂਦਾ ਹੈ, ਪਰ ਹਿੰਦੀ ਬੈਲਟ ਵਿੱਚ ਉਨ੍ਹਾਂ ਨੂੰ ਸੀਨੀਅਰ ਆਗੂ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਸਾਧਾਰਨ ਨਹੀਂ ਸਮਝਣਾ ਚਾਹੀਦਾ।

ਕਿਸੇ ਤਰ੍ਹਾਂ ਦੀ ਵੀ ਭਵਿੱਖਬਾਣੀ ਕਰਨੀ ਸੌਖੀ ਨਹੀਂ ਹੋਵੇਗੀ ਕਿ ਅਗਲੇ ਦੋ ਸਾਲਾਂ ਵਿੱਚ ਕੀ ਕੁਝ ਹੋਵੇਗਾ। ਵਿਰੋਧੀ ਧਿਰ ਨੂੰ ਇੱਕ ਨੇਤਾ ਦੀ ਭਾਲ ਹੈ, ਜੋ ਮੋਦੀ ਨੂੰ ਚੁਣੌਤੀ ਦੇ ਸਕੇ। ਜਿੰਨੀ ਜਲਦੀ ਹੋ ਸਕੇ, ਵਿਰੋਧੀ ਧਿਰ ਇਕਮੁੱਠ ਹੋ ਜਾਏ ਤਾਂ ਇਹੀ ਚੰਗਾ ਹੋਵੇਗਾ। ਲੋਕ ਰਾਜ ਦੀ ਵੀ ਇਹੀ ਮੰਗ ਹੈ ਕਿ ਵਿਰੋਧੀ ਧਿਰ ਨੂੰ ਵੀ ਮਜ਼ਬੂਤ ਹੋਣਾ ਚਾਹੀਦਾ ਹੈ।


# ਦਰਿਆਦਿਲੀ

-ਸੁਖਦੇਵ ਸਿੰਘ ਮਾਨ

ਚਾਚਾ ਹਜ਼ੂਰਾ ਸੋਹਣਾ ਗੱਭਰੂ ਸੀ। ਛੇ ਫੁੱਟ ਕੱਦ। ਚਿੱਟੇ ਦੰਦ। ਸੋਹਣੇ ਨੈਣ ਨਕਸ਼। ਉਹ ਜਵਾਨੀ ਚੜ੍ਹਦੇ ਹੀ ਘੁਲਣ ਲੱਗ ਪਿਆ। ਇੱਕ ਦਿਨ ਕਿਸੇ ਤਕੜੇ ਮੱਲ ਦਾ ਗੋਡਾ ਚਾਚੇ ਦੇ ਕੰਨ ਉੱਤੇ ਵੱਜਿਆ ਅਤੇ ਕੰਨ ਦਾ ਪਰਦਾ ਪਾਟ ਗਿਆ। ਉਸ ਨੂੰ ਉੱਚਾ ਸੁਣਨ ਲੱਗ ਪਿਆ। ਚਾਚੇ ਵਿੱਚ ਹੋਰ ਗੁਣ ਵੀ ਬੜੇ ਸਨ। ਉਹਨੇ ਘੁਲਣਾ ਛੱਡ ਕੇ ਮੁਸਲਮਾਨਾਂ ਦੇ ਮੁੰਡੇ ਗਨੀ ਖਾਨ ਨਾਲ ਕਵੀਸ਼ਰੀ ਜਥਾ ਬਣਾ ਲਿਆ। ਚਾਚੇ ਦੇ ਪੀਲੂ ਦਾ ਮਿਰਜ਼ਾ ਜ਼ੁਬਾਨੀ ਯਾਦ ਸੀ। ਉਹ ਜਿਸ ਮੇਲੇ ਵਿੱਚ ਜਾਂਦੇ, ਚੰਗੀ ਖਾਸੀ ਭੀੜ ਉਨ੍ਹਾਂ ਦੇ ਅਖਾੜੇ ਵਿੱਚ ਜੁੜ ਜਾਂਦੀ। ਚਾਚੇ ਦੀ ਆਵਾਜ਼ ਹੋਰ ਕਵੀਸ਼ਰਾਂ ਦੇ ਉੱਤੋਂ ਦੀ ਪੈ ਜਾਂਦੀ, ਪਰ ਚਾਚੇ ਦਾ ਕਵੀਸ਼ਰੀ ਜਥਾ ਮੇਰੇ ਬਾਬਿਆਂ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜੱਟਾਂ ਦਾ ਪੁੱਤ ਇਹੋ ਜਿਹੇ ਗਾਉਣੇ ਵਜਾਉਣੇ ਵਾਲੇ ਕੰਮ ਕਰਦਾ ਚੰਗਾ ਨਹੀਂ ਲੱਗਦਾ। ਖੈਰ! ਚਾਚੇ ਨੇ ਆਪਣੇ ਚਾਚੇ-ਤਾਇਆਂ ਦੀ ਗੱਲ ਕੀ ਮੋੜਨੀ ਸੀ। ਉਹਨੇ ਮੇਲਿਆਂ ਉੱਤੇ ਜਾਣਾ ਛੱਡ ਦਿੱਤਾ। ਉਂਝ ਚਾਚੇ ਅੰਦਰ ਕਵੀਸ਼ਰੀ ਦੀ ਚਿਣਗੀ ਭਖਦੀ ਰਹੀ। ਚਾਚਾ ਜਦੋਂ ਕਿਤੇ ਕੰਮ ਤੋਂ ਵਿਹਲਾ ਹੁੰਦਾ, ਉਹ ਪੀਲੂ ਦੇ ਮਿਰਜ਼ੇ ਦੇ ਛੰਦ ਜ਼ਰੂਰ ਸੁਣਾਉਂਦਾ। ਜਦੋਂ ਸਾਹਿਬਾਂ ਦਾ ਇਹ ਛੰਦ ਆਉਂਦਾ, ਉਸ ਦੀ ਆਵਾਜ਼ ਅੰਬਰਾਂ ਨੂੰ ਚੜ੍ਹ ਜਾਂਦੀ :

*ਕੁੱਤੇ ਖਾਨ ਸ਼ਮੀਰ ਦੇ, ਛੱਪੜੀਂ ਆਣ ਵੜੇ।*
*ਉਨ੍ਹਾਂ ਪਾਣੀ ਪੀ ਰੱਜ ਕੇ, ਕਰ ਲਏ ਕੰਨ ਖੜ੍ਹੇ।*

ਇੱਥੇ ਆ ਕੇ ਸਾਡੀਆਂ ਬਾਹਾਂ ਦੇ ਵਾਲ ਕੰਡਿਆਂ ਵਾਂਗ ਖੜ੍ਹੇ ਹੋ ਜਾਂਦੇ। ਸਾਨੂੰ ਮਿਰਜ਼ਾ ਆਖਰੀ ਜੰਗ ਲਈ ਤਿਆਰ ਹੁੰਦਾ ਦਿੱਸਣ ਲੱਗ ਪੈਂਦਾ।



ਚਾਚਾ ਨਿਰੀ ਕਵੀਸ਼ਰੀਨਹੀਂ, ਘਰ ਵਾਲ ਵਾਪਰੀਆਂ ਘਟਨਾਵਾਂ, ਦੁਰਘਟਨਾਵਾਂ ਨੂੰ ਬੜੇ ਮਾਣ ਨਾਲ ਸੁਣਾਉਂਦਾ। ਮੇਰੀ ਦਿਲਚਸਪੀ ਘਰ ਦੀਆਂ ਗੱਲਾਂ ਵਿੱਚ ਵਧੇਰੇ ਰਹਿੰਦੀ। ਜਦੋਂ ਚਾਚਾ ਹਜ਼ੂਰਾ ਘਰ ਦੇ ਦੁੱਖ ਸੁੱਖ ਦਾ ਕੋਈ ਕਿੱਸਾ ਛੋਹ ਲੈਂਦਾ, ਘਰ ਦੇ ਦੂਜੇ ਜਵਾਕ ਅੱਧ ਪਚੱਧ ਗੱਲ ਸੁਣ ਕੇ ਭੱਜ ਜਾਂਦੇ, ਪਰ ਮੈਂ ਚਾਚੇ ਦੀ ਗੱਲ ਮੁੱਕਣ ਤੱਕ ਹੁੰਗਾਰਾ ਭਰਦਾ ਰਹਿੰਦਾ। ਜਿਹੜੀ ਗੱਲ ਮੈਨੂੰ ਔਖੀ ਲੱਗਦੀ, ਉਹ ਚਾਚੇ ਨੂੰ ਕਹਿੰਦਾ, ''ਦੁਬਾਰੇ ਸੁਣਾ।''

ਘਰ ਦੇ ਕੰਮਾਂ ਵਿੱਚ ਵੀ ਚਾਚਾ ਸਾਰੇ ਪਾਸਿਆਂ ਤੋਂ ਹਿੱਸਾ ਲੈਂਦਾ। ਸਾਡੀ ਮੌੜ ਕਲਾਂ ਵਾਲੀ ਜ਼ਮੀਨ ਸ਼ਰੀਕਾਂ ਵਿੱਚ ਅੱਠ ਹਜ਼ਾਰ ਰੁਪਏ ਵਿੱਚ ਗਹਿਣੇ ਪਈ ਸੀ। ਚਾਚਾ ਹਜ਼ੂਰਾ, ਚਾਚਾ ਹਰੀ ਤੇ ਬਾਪੂ ਜੰਗੀਰ ਅੱਠ ਹਜ਼ਾਰ ਰੁਪਿਆ ਜੋੜਨ ਲਈ ਦਿਨ ਰਾਤ ਕੰਮ ਕਰਦੇ। ਚਾਚਾ ਆਏ ਸਾਲ ਦੋ ਵਹਿੜਕੇ ਪਾਲ ਲੈਂਦਾ। ਇੱਕ ਸਾਲ ਜਦੋਂ ਵਹਿੜਕੇ ਗੱਡਾ ਖਿੱਚਣ ਜੋਗਰੇ ਹੋ ਗਏ, ਮੇਰਾ ਬਠਿੰਡਾ ਵਾਲਾ ਫੁੱਫੜ ਵਹਿਕੜਾ ਖੋਲ੍ਹ ਤੁਰਿਆ। ਫੁੱਫੜ ਨੇ ਵਹਿੜਕੇ ਦਾ ਮੁੱਲ ਆਪੇ ਤੋੜ ਦਿੱਤਾ, ''ਲੈ ਜੰਗੀਰ ਸਿਆਂ! ਵਹਿੜਕਾ ਹੈ ਥੋੜਾ ਤਿੰਨ ਸੌ ਰੁਪਏ ਦਾ। ਹਾੜ੍ਹੀ ਵੇਲੇ ਆਪਣੇ ਪੈਸੇ ਲੈ ਆਇਓ।''

ਚਾਚੇ ਹੋਰੀਂ ਗੰਗਾਨਗਰ ਖੰਡ ਮਿੱਲ ਲਈ ਗੰਨਾ ਢੋਂਦੇ। ਨਗਦ ਪੈਸੇ ਦੇਣ ਵਾਲੀ ਫਸਲ ਇਕੱਲੀ ਗੰਨਾ ਸੀ, ਕਣਕ ਤਾਂ ਘਰ ਖਾਣ ਜੋਗਰੀ ਮਸਾਂ ਹੁੰਦੀ। ਕਿਸੇ ਤਰ੍ਹਾਂ ਚਾਚੇ ਹੋਰੀਂ ਗੱਡੇ ਨੂੰ ਇੱਕ ਮੌਲਾ ਬਲਦ ਜੋੜ ਕੇ ਵਕਤ ਲੰਘਾਉਣ ਲੱਗੇ। ਆਮ ਤੌਰ ਉੱਤੇ ਚਾਚਾ ਗੰਨੇ ਦਾ ਗੱਡਾ ਲੈ ਕੇ ਜਾਂਦਾ। ਉਸ ਨਾਲ ਮੁਸਲਮਾਨਾਂ ਦਾ ਮੁੰਡਾ ਗਨੀ ਜਾਂਦਾ। ਗੰਨਾ ਮਿੱਲ ਵਿੱਚ ਗੁਜਰੀ ਦੀ ਕੁੜੀ ਮਿੱਟੀ ਦੇ ਖਿਡੌਣੇ ਵੇਚਣ ਆਉਂਦੀ। ਉਸ ਦੀਆਂ ਗਡੀਰੀਆਂ, ਤੋਤੇ, ਬਲਦ ਅਤੇ ਭੰਬੀਰੀਆਂ ਗੰਨਾ ਦੇ ਕੇ ਮੁੜਦੇ ਜੱਟ ਆਪਣੇ ਬੱਚਿਆਂ ਲਈ ਖਰੀਦ ਲੈਂਦੇ। ਗੁਜਰੀ ਦੀ ਆਵਾਜ਼ ਅੰਦਰ ਲੋਹੜੇ ਦੀ ਕਸ਼ਿਸ਼ ਸੀ। ਉਹ ਜਦੋਂ 'ਚੰਨ ਕਿੱਥਾਂ ਗੁਜ਼ਾਰੀ ਆ ਰਾਤ ਵੇ' ਗਾਉਂਦੀ ਤਾਂ ਮਾਝੇ, ਮਾਲਵੇ ਤੇ ਦੁਆਬੇ ਵਾਲੇ ਘੇਰਾ ਬੰਨ੍ਹ ਕੇ ਬਹਿ ਜਾਂਦੇ। ਗੁਜਰੀ ਦੀ ਆਵਾਜ਼ ਅੰਬਰਾਂ ਨੂੰ ਛੋਹਣ ਲੱਗ ਪੈਂਦੀ, ਪਰ ਉਹ ਹਰੇਕ ਦੇ ਕਹੇ ਉੱਤੇ ਇਹ ਗੀਤ ਨਹੀਂ ਗਾਉਂਦੀ ਸੀ। ਜਿਸ ਦਿਨ ਹਜ਼ੂਰਾ ਗੰਨਾ ਲੈ ਕੇ ਜਾਂਦਾ, ਉਸ ਦਿਨ ਗੁਜਰੀ ਚਾਚੇ ਦੇ ਕਹੇ ਸਭ ਨੂੰ ਗੀਤ ਸੁਣਾ ਦਿੰਦੀ। ਚਾਚਾ ਅਕਸਰ ਸਾਨੂੰ ਕਹਿੰਦਾ, ''ਮੇਰੀ ਗੁਜਰੀ ਨਾਲ ਇਕੱਲੇ ਗੀਤ ਦੀ ਸਾਂਝ ਸੀ। ਨਾ ਉਸ ਨੇ ਲਕੀਰ ਟੱਪੀ, ਨਾ ਮੈਂ। ਉਹ ਆਪਣੇ ਕਬੀਲੇ ਤੋਂ ਡਰਦੀ ਸੀ, ਮੈਂ ਚਾਚੇ-ਤਾਇਆਂ ਤੋਂ।''

ਹਾੜ੍ਹੀ ਵੇਲੇ ਚਾਚਾ ਮੁਕੰਦ ਫੁੱਫੜ ਤੋਂ ਵਹਿੜਕੇ ਦੇ ਪੈਸੇ ਲੈਣ ਗਿਆ। ਮੁਕੰਦ ਫੁੱਫੜ ਦਾ ਵੱਡਾ ਮੁੰਡਾ ਸ਼ੇਰਾ ਵੀ ਕੋਲ ਬੈਠਾ ਸੀ। ਫੁੱਫੜ ਨੇ ਸਾਰੀ ਗੱਲ ਸ਼ੇਰੇ ਨੂੰ ਦੱਸੀ। ਸ਼ੇਰੇ ਨੇ ਅੰਦਰ ਜਾ ਕੇ ਆਪਣੀ ਘਰਵਾਲੀ ਤੋਂ ਟੂਮ ਮੰਗੀ। ਉਹ ਰੋਣ ਲੱਗ ਪਈ, ''ਮਾਮਾ ਜੀ, ਇਹ ਟੂਮ ਮੇਰੇ ਪੇਕਿਆਂ ਨੇ ਪਾਈ ਆ। ਮੈਂ ਇਨ੍ਹਾਂ ਦੀ ਕਬੀਲਦਾਰੀ ਕੀ ਕਰਾਂ? ਮੈਂ ਟੂਮ ਨਹੀਂ ਦੇਣੀ।'' ਚਾਚੇ ਨੇ ਬਹੂ ਨੂੰ ਸ਼ੇਰੇ ਤੋਂ ਛੁਡਾ ਕੇ ਅੰਦਰ ਭੇਜ ਦਿੱਤਾ। ''ਮੁਕੰਦ ਸਿਆਂ! ਤੁਸੀਂ ਤਿੰਨ ਸੌ ਰੁਪਿਆ ਸੌ-ਸੌ ਕਰ ਕੇ ਦੇ ਦੇਣਾ। ਜੇ ਨਾ ਬਣੇ ਤਾਂ ਵੀ ਕੋਈ ਗੱਲ ਨਹੀਂ। ਘਰ ਵਿੱਚ ਕਲੇਸ਼ ਨਾ ਪਾਵੋ।'' ਤੇ ਚਾਚਾ ਗੱਡੀ ਚੜ੍ਹ ਆਇਆ।

ਹਰੀ ਚਾਚੇ ਤੇ ਬਾਬੂ ਨੇ ਪਿੜ ਪਾਇਆ ਹੋਇਆ ਸੀ। ਚਾਚੇ ਹਜ਼ੂਰੇ ਨੇ ਸਾਰੀ ਗੱਲ ਦੱਸੀ। ਬਾਪੂ ਤਾਂ ਚੁੱਪ ਰਿਹਾ, ਚਾਚਾ ਹਰੀ ਕਹਿੰਦਾ, ''ਹਜ਼ੂਰਿਆ! ਤੂੰ ਦੋ ਵਹਿਕੜੇ ਹੋਰ ਪਾਲ ਲੈ, ਤਿੰਨ ਸੌ ਰੁਪਏ ਪਿੱਛੇ ਸ਼ਰੀਕਾ ਨਹੀਂ ਗਵਾਈਦਾ। ਨਾਲੇ ਮੁਕੰਦ, ਸ਼ੇਰ, ਹਾਕਮ ਸਿੰਘ ਜਿਹੇ ਬੰਦੇ ਜਿਹੜੇ ਰੂਸ ਅਮਰੀਕਾ ਦੀ ਠੰਢੀ ਜੰਗ ਦੀਆਂ ਗੱਲਾਂ ਆਪ ਨੂੰ ਸੁਣਾਉਂਦੇ, ਉਹ ਕਿਤੇ ਧਰੇ ਪਏ ਆ। ਬੱਸ! ਮੁੜ ਕੇ ਇਸ ਗੱਲ ਦਾ ਭੋਗ ਨਹੀਂ ਪਾਉਣਾ।''

ਚਾਚੇ ਦੀ ਗੱਲ ਨਾਲ ਦੋਵਾਂ ਭਰਾਵਾਂ ਦਾ ਹਾਸਾ ਵੀ ਰਲ ਲਿਆ। ਤਿੰਨਾਂ ਦਾ ਹਾਸਾ ਸਾਰੇ ਪਿੜਾਂ ਵਿੱਚ ਖਿੱਲਰ ਗਿਆ।

# ਹਾਈ ਕੋਰਟ ਨੇ ਕਿਹਾ: ਪੰਜਾਬ ਸਰਕਾਰ ਸੁਰੱਖਿਆ ਕਟੌਤੀ ਬਾਰੇ ਮੁੜ ਕੇ ਸਮੀਖਿਆ ਕਰੇ

ਚੰਡੀਗੜ੍ਹ, 24 ਅਗਸਤ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਪੰਜਾਬ ਸਰਕਾਰ ਨੂੰ ਵੀ ਆਈ ਪੀ ਸੁਰੱਖਿਆ ਕਟੌਤੀ ਬਾਰੇ ਮੁੜ ਸਮੀਖਿਆ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹਾਈ ਕੋਰਟ ਨੇ ਪੰਜ ਅਗਸਤ ਨੂੰ ਇਸ ਕੇਸ ਬਾਰੇ ਦਰਜਨਾਂ ਪਟੀਸ਼ਨਾਂ ਉੱਤੇ ਫੈਸਲਾ ਰਾਖਵਾਂ ਰੱਖ ਲਿਆ ਸੀ।




ਕੱਲ੍ਹ ਹਾਈ ਕੋਰਟ ਦੇ ਜਸਟਿਸ ਰਾਜ ਮੋਹਨ ਸਿੰਘ ਨੇ ਵੀ ਆਈ ਪੀ ਸੁਰੱਖਿਆ ਕਟੌਤੀ ਦੇ ਮੁੱਦੇ ਬਾਰੇ ਕਰੀਬ 45 ਸਿਆਸੀ ਹਸਤੀਆਂ ਦੀਆਂ ਪਟੀਸ਼ਨਾਂ ਦਾ ਨਿਪਟਾਰਾ ਕਰ ਦਿੱਤਾ ਤੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਸੁਰੱਖਿਆ ਕਟੌਤੀ ਤੋਂ ਪ੍ਰਭਾਵਤ ਹਸਤੀਆਂ ਦੀ ਸੁਰੱਖਿਆ ਦੀ ਮੁੜ ਘੋਖ ਕੀਤੀ ਜਾਵੇ।ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਘੱਲੂਘਾਰਾ ਦਿਵਸ ਤੋਂ ਪਹਿਲਾਂ 29 ਮਈ ਨੂੰ 424 ਹਸਤੀਆਂ ਦੀ ਸੁਰੱਖਿਆ ਆਰਜ਼ੀ ਤੌਰ ਉੱਤੇਵਾਪਸ ਲਈ ਅਤੇ ਇਸ ਦੀ ਸਾਰੀ ਜਾਣਕਾਰੀ ਸੋਸ਼ਲ ਮੀਡੀਆਆ ਗਈ ਸੀ। ਇਸ ਦੌਰਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਦੀ ਵੀ ਕਟੌਤੀ ਹੋਈ ਸੀ ਅਤੇ ਦੂਸਰੇ ਦਿਨ ਉਸ ਦਾ ਕਤਲ ਹੋ ਜਾਣ ਨਾਲ ਪੰਜਾਬ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨੇ ਉੱਤੇ ਆ ਗਈ ਸੀ। ਉਸ ਵਕਤ ਹਾਈ ਕੋਰਟ ਨੇ ਸੁਰੱਖਿਆ ਦੇ ਮਾਮਲੇਵਿੱਚ ਪੰਜਾਬ ਸਰਕਾਰ ਨੂੰ ਫਿਟਕਾਰ ਵੀ ਪਾਈ ਸੀ। ਇਸ ਬਾਰੇ ਫੈਸਲਾ ਦੇਂਦਿਆਂ ਹਾਈ ਕੋਰਟ ਨੇ ਕਿਹਾ ਕਿ ਸੁਰੱਖਿਆ ਕਟੌਤੀ ਬਾਰੇ ਵੇਰਵੇ ਜਨਤਕ ਕਰ ਦੇਣ ਨਾਲ ਕਈ ਵਾਰ ਪ੍ਰਮੁੱਖ ਹਸਤੀਆਂ ਲਈ ਖਤਰਾ ਵਧ ਜਾਂਦਾ ਹੈ, ਜਿਨ੍ਹਾਂ ਦੀ ਸੁਰੱਖਿਆ ਹਟਾਈ ਜਾਂਦੀ ਸੀ। ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਭਵਿੱਖ ਵਿੱਚ ਇਸ ਬਾਰੇ ਅਣਗਹਿਲੀ ਨਾ ਵਰਤੀ ਜਾਵੇ ਤੇ ਪੂਰਨ ਧਿਆਨ ਰੱਖਿਆ ਜਾਵੇ।

ਵਰਨਣ ਯੋਗ ਹੈ ਕਿ ਹਾਈ ਕੋਰਟ ਪਹਿਲਾਂ ਇਸ ਕੇਸ ਵਿੱਚ ਰਾਜ ਸਰਕਾਰ ਦੀ ਖਿਚਾਈ ਕਰ ਚੁੱਕੀ ਹੈ।ਕੋਰਟ ਵਿੱਚ ਸਾਬਕਾ ਉਪ ਮੁੱਖ ਮੰਤਰੀ ਓ ਪੀ ਸੋਨੀ ਅਤੇ ਕੁਝ ਹੋਰਨਾਂ ਨੇ ਆਪੋ-ਆਪਣੀ ਸੁਰੱਖਿਆ ਵਾਪਸੀ ਜਾਂ ਕਟੌਤੀ ਵਿਰੁੱਧ ਪਟੀਸ਼ਨਾਂ ਦਾਇਰ ਕੀਤੀਆਂ ਸਨ, ਜਿਨ੍ਹਾਂ ਦਾ ਕੱਲ੍ਹ ਇਕੱਠਾ ਨਿਬੇੜਾ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਰੀਵਿਊ ਕਮੇਟੀ ਨੇ ਪਹਿਲਾਂ 557 ਹਸਤੀਆਂ ਦੀ ਸੁਰੱਖਿਆ ਦੋ ਫਰਵਰੀ 2022 ਨੂੰ ਰੀਵਿਊ ਕੀਤੀ ਤੇ ਫਿਰ 29 ਮਾਰਚ ਨੂੰ ਸਮੀਖਿਆ ਕੀਤੀ ਸੀ। ਪਟੀਸ਼ਨਰਾਂ ਵਿੱਚ ਮੁੱਖ ਤੌਰ ਉੱਤੇ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਮਹਿੰਦਰ ਕੌਰ ਜੋਸ਼, ਪਰਮਿੰਦਰ ਸਿੰਘ ਪਿੰਕੀ, ਨਵਤੇਜ ਸਿੰਘ ਚੀਮਾ ਤੇ ਹੰਸ ਰਾਜ ਜੋਸਨ,ਸਾਬਕਾ ਵਿਧਾਇਕ ਰਮਿੰਦਰ ਆਂਵਲਾ, ਸਾਬਕਾ ਪਾਰਲੀਮੈਂਟ ਮੈਂਬਰ ਵਰਦੇਵ ਸਿੰਘ ਮਾਨ ਅਤੇ ਬਲਜਿੰਦਰ ਸਿੰਘ ਬਰਾੜ ਸਮੇਤ ਕੁੱਲ 45 ਲੋਕ ਸ਼ਾਮਲ ਸਨ। ਪੰਜਾਬ ਸਰਕਾਰ ਨੇ ਅਦਾਲਤ ਵਿੱਚ 42 ਹਸਤੀਆਂ ਦੀ ਸੁਰੱਖਿਆ ਦੇ ਵੇਰਵੇ ਰੱਖੇ ਹਨ ਜਿਨ੍ਹਾਂ ਨੂੰ ਅਦਾਲਤੀ ਹੁਕਮਾਂ ਉੱਤੇ ਦਿੱਤੇ ਸੁਰੱਖਿਆ ਮੁਲਾਜ਼ਮਾਂ ਦਾ ਜ਼ਿਕਰ ਕੀਤਾ ਗਿਆ ਹੈ।ਹਾਈ ਕੋਰਟ ਨੇ ਕਿਹਾ ਹੈ ਕਿ ਰਾਜ ਸੁਰੱਖਿਆ ਨੀਤੀ ਦੇ ਮੁਤਾਬਕਵਿਚਾਰਨ ਵੇਲੇ ਕੇਂਦਰੀ ਅਤੇ ਸੂਬਾਈ ਏਜੰਸੀਆਂ ਤੋਂ ਇਨਪੁਟ ਲੈ ਲਈ ਜਾਵੇ। ਜਦੋਂ ਤਕ ਸੁਰੱਖਿਆ ਏਜੰਸੀਆਂ ਦੀ ਪ੍ਰਕਿਰਿਆ ਮੁਕੰਮਲ ਨਹੀਂ ਹੁੰਦੀ, ਓਦੋਂ ਤਕ ਪ੍ਰਭਾਵਤ ਹਸਤੀਆਂ ਨੂੰ ਇੱਕ-ਇੱਕ ਸੁਰੱਖਿਆ ਗਾਰਡ ਦੇ ਦਿੱਤਾ ਜਾਵੇ। ਫਿਰ ਵੀ ਪੰਜਾਬ ਸਰਕਾਰ ਦਾ ਸੁਰੱਖਿਆ ਲੀਕ ਦੇ ਮਾਮਲੇ ਵਿੱਚ ਕਿਸੇ ਵੱਡੀ ਝਾੜ-ਝੰਬ ਤੋਂ ਬਚਾਅ ਹੋ ਗਿਆ ਹੈ।

# ਸਾਬਕਾ ਮੰਤਰੀ ਧਰਮਸੋਤ ਤੇ ਹੋਰਨਾਂ ਨੂੰ ਜ਼ਮਾਨਤ ਨਹੀਂ ਮਿਲੀ



ਚੰਡੀਗੜ੍ਹ, 24 ਅਗਸਤ (ਪੋਸਟ ਬਿਊਰੋ)- ਜੰਗਲਾਤ ਘਪਲੇ ਵਿੱਚ ਗ੍ਰਿਫ਼ਤਾਰ ਪੰਜਾਬ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰਨਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਫਿਲਾਹਲ ਰਾਹਤ ਨਹੀਂ ਮਿਲੀ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਜਸਟਿਸ ਰਾਜਮੋਹਨ ਸਿੰਘ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ।

ਇਸ ਮੌਕੇ ਪਟੀਸ਼ਨਰ ਧਿਰ ਨੇ ਕਿਹਾ ਕਿ ਜਿਸ ਡਾਇਰੀ ਨੂੰ ਕੇਸ ਦਾ ਆਧਾਰ ਬਣਾਇਆ ਗਿਆ ਹੈ, ਇਹ ਰੋਜ਼ਾਨਾ ਦੇ ਕੰਮਾਂ ਦੀ ਰਫ਼ ਬ੍ਰੀਫਿੰਗ ਹੈ, ਜਿਸ ਵਿੱਚ ਰਿਸ਼ਵਤ ਲੈਣ ਜਾਂ ਕਿਸੇ ਨੂੰ ਹਿੱਸਾ ਦੇਣ ਦਾ ਜ਼ਿਕਰ ਨਹੀਂ ਹੈ। ਰੁੱਖ ਕੱਟਣ ਦੇ ਜੋ ਅੱਠ ਪਰਮਿਟ ਜ਼ਮੀਨ ਦੇ ਮਾਲਕਾਂ ਦੇ ਨਾਂ ਸਨ, ਉਨ੍ਹਾਂ ਵਿੱਚ ਇੱਕ ਵੀ ਗਵਾਹ ਨੇ ਰਿਸ਼ਵਤ ਦੇਣ ਦਾ ਬਿਆਨ ਨਹੀਂ ਦਿੱਤਾ, ਉਸ ਨੂੰ ਮੁਲਜ਼ਮ ਨਹੀਂ ਬਣਾਇਆ ਗਿਆ, ਇਸ ਲਈ ਉਸ ਗਵਾਹੀ ਦਾ ਕੋਈ ਮਤਲਬ ਨਹੀਂ ਹੈ।

ਵੱਲੋਂ ਐਡਵੋਕੇਟ ਜਨਰਲ ਵਿਨੋਦ ਘਈ ਨੇ ਕਿਹਾ ਕਿ ਦੋਸ਼ੀਆਂ ਨੂੰ ਜ਼ਮਾਨਤ ਮਿਲਣ ਤਾਂ ਕੇਸ ਦੀ ਜਾਂਚ ਪ੍ਰਭਾਵਤ ਹੋਵੇਗੀ, ਕਿਉਂਕਿ ਉਨ੍ਹਾ ਨੇ ਚਲਾਕੀ ਨਾਲ ਰਿਸ਼ਵਤ ਦੇ ਪੈਸੇ ਨਾਲ ਜਾਇਦਾਦ ਖਰੀਦੀ ਹੈ, ਜਿਸ ਨੂੰ ਵਿਜੀਲੈਂਸ ਵੱਲੋਂ ਟਰੇਸ ਕੀਤਾ ਜਾ ਰਿਹਾ ਹੈ ਅਤੇ ਕਈ ਜਾਇਦਾਦਾਂ ਖਰੀਦਣ ਦੀ ਗੱਲ ਦੋਸ਼ੀਆਂ ਨੇ ਪੁੱਛਗਿੱਛ ਦੌਰਾਨ ਖੁਦ ਮੰਨੀ ਹੈ। ਐਡਵੋਕੇਟ ਜਨਰਲ ਘਈ ਨੇ ਕਿਹਾ ਕਿ ਸਰਕਾਰ ਕੋਲ ਸਾਧੂ ਸਿੰਘ ਧਰਮਸੋਤ ਵਿਰੁੱਧ ਠੋਸ ਸਬੂਤ ਹਨ। ਅਦਾਲਤ ਨੇ ਸਰਕਾਰ ਨੂੰ ਵਾਰ-ਵਾਰ ਸਵਾਲ ਕੀਤਾ ਕਿ ਕੀ ਦੋਸ਼ੀ ਬਣਾਏ ਪਟੀਸ਼ਨਰ ਤੋਂ ਕੋਈ ਵਸੂਲੀ ਹੋਈ ਹੈ? ਹਰ ਵਾਰ ਸਰਕਾਰ ਦਾ ਕਹਿਣਾ ਸੀ ਕਿ ਦੋਸ਼ੀਆਂ ਨੇ ਰਿਸ਼ਵਤ ਦੀ ਰਕਮ ਜਾਇਦਾਦ ਵਿੱਚ ਲਾਈ ਸੀ, ਇਸ ਲਈ ਨਗਦੀ ਨਹੀਂ ਮਿਲ ਸਕੀ।

# ਡੇਰਾ ਸੱਚਖੰਡ ਬੱਲਾਂ ਦੇ ਸੰਤ ਨਿਰੰਜਣ ਦਾਸ ਨੂੰ ਇਟਲੀ ਵਿੱਚ ਧਮਕੀ

ਕਿਸ਼ਨਗੜ੍ਹ, 24 ਅਗਸਤ (ਪੋਸਟ ਬਿਊਰੋ)- ਬੀਤੇ ਕੁਝ ਦਿਨਾਂ ਤੋਂ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਮੁਖੀ ਸੰਤ ਨਿਰੰਜਣ ਦਾਸ ਜੀ ਰਵਿਦਾਸੀਆ ਧਰਮ ਪ੍ਰਚਾਰ ਵਾਸਤੇ ਵਿਦੇਸ਼ ਯਾਤਰਾ ਉੱਤੇ ਗਏ ਹੋਏ ਹਨ।



ਮਿਲੀ ਜਾਣਕਾਰੀ ਅਨੁਸਾਰ 4-5 ਦਿਨ ਪਹਿਲਾਂ ਸੰਤ ਨਿਰੰਜਣ ਦਾਸ ਇਟਲੀ ਵਿੱਚ ਗਏ ਸਨ ਤਾਂ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਅਪਣੇ ਧਰਮ ਸਬੰਧੀ ਧਾਰਮਿਕ ਪ੍ਰਚਾਰ ਨਾ ਕਰਨ ਦੀ ਧਮਕੀ ਦਿੱਤੀ ਸੀ। ਉਥੇ ਉਨ੍ਹਾਂ ਨੂੰ ਉਸ ਵਿਅਕਤੀ ਨੇ ਇੱਕ ਮੋਬਾਈਲ ਨੰਬਰ ਉੱਤੇ ਗੱਲ ਕਰਨ ਨੂੰ ਵੀ ਕਿਹਾ ਸੀ। ਜਾਂਚ ਵਿੱਚ ਪਤਾ ਲੱਗਾ ਕਿ ਉਹ ਨੰਬਰ ਕਪੂਰਥਲਾ ਜਿਲ੍ਹੇਦੇ ਵਿਅਕਤੀ ਦਾ ਹੈ। ਇਸ ਵੇਲੇ ਸੰਤ ਨਿਰੰਜਣ ਦਾਸ ਸਪੇਨ ਵਿੱਚ ਹਨ ਅਤੇ ਉਸ ਤੋਂ ਬਾਅਦ ਆਪਣੇ ਵੱਖ-ਵੱਖ ਧਾਰਮਿਕ ਸਮਾਗਮਾਂ ਲਈ ਫਰਾਂਸ, ਜਰਮਨੀ ਅਤੇ ਨੀਦਰਲੈਂਡ ਆਦਿ ਦੇਸ਼ਾਂ ਵਿੱਚ ਜਾਣਗੇ।

ਡੇਰਾ ਸੱਚਖੰਡ ਬੱਲਾਂ ਨੂੰ ਸਮਰਪਤ ਰਵਿਦਾਸੀਆ ਸਮਾਜ ਨਾਲ ਸਬੰਧਤ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸੰਸਥਾਵਾਂ ਦੇ ਆਗੂਆਂ ਨੇ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਮੁਖੀ ਸੰਤ ਨਿਰੰਜਣ ਦਾਸ ਦੀ ਸੁਰੱਖਿਆ ਸਬੰਧੀ ਐਸ ਐਸ ਪੀ ਦਿਹਾਤੀ ਨੂੰ ਮੰਗ-ਪੱਤਰ ਦਿੰਦਿਆਂ ਸੰਤ ਜੀ ਦੀ ਦੇਸ਼-ਵਿਦੇਸ਼ ਵਿੱਚ ਵੱਧ ਤੋਂ ਵੱਧ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।ਇਸ ਬਾਰੇ ਐਸ ਐਸ ਪੀ ਦਿਹਾਤੀ ਸਵਰਨਦੀਪ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਸੰਸਥਾਵਾਂ ਨੇ ਸੰਤ ਨਿਰੰਜਣ ਦਾਸ ਦੀ ਸੁਰੱਖਿਆ ਬਾਰੇ ਮੰਗ-ਪੱਤਰ ਦਿੱਤਾ ਹੈ ਅਤੇ ਜਿਸ ਮੋਬਾਈਲ ਫ਼ੋਨ ਬਾਰੇ ਉੱਤੇ ਉਨ੍ਹਾਂ ਨੂੰ ਸੰਦੇਸ਼ ਭੇਜਿਆ ਗਿਆ ਸੀ, ਉਸ ਦੀ ਬਾਰੀਕੀ ਨਾਲ ਜਾਂਚ ਚੱਲ ਰਹੀ ਹੈ ਤੇ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ ਹਿੱਤ ਵਿੱਚ ਹੈ।

# ਸ਼੍ਰੋਮਣੀ ਕਮੇਟੀ ਨੇ ਬਾਗ ਅਕਾਲੀ ਮਾਰਕੀਟ ਵਿੱਚੋਂ ਦੁਕਾਨਾਂ ਢਾਹੀਆਂ



ਅੰਮ੍ਰਿਤਸਰ, 24 ਅਗਸਤ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਮਾਲਕੀ ਵਾਲੀ ਥਾਂ ਬਾਗ ਅਕਾਲੀ ਮਾਰਕੀਟ ਵਿੱਚੋਂ ਦੁਕਾਨਾਂ ਅਤੇ ਹੋਰ ਇਮਾਰਤਾਂ ਢਾਹੁਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਇੱਥੇ ਬਾਗ ਅਕਾਲੀ ਮਾਰਕੀਟ ਵਿੱਚ ਲਗਭਗ ਸੱਤ ਏਕੜ ਥਾਂ ਉੱਤੇ ਸ਼ਰਧਾਲੂਆਂ ਲਈ ਇੱਕ ਹਜ਼ਾਰ ਕਮਰੇ ਦੀ ਸਰਾਂ ਬਣਾਉਣਾ ਚਾਹੁੰਦੀ ਹੈ। ਇਸ ਥਾਂਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਲਈ ਰਿਹਾਇਸ਼ੀ ਕੁਆਰਟਰ ਵੀ ਬਣੇ ਹੋਏ ਹਨ। ਕੱਲ੍ਹ ਤੋਂ ਇੱਥੇ ਸ਼੍ਰੋਮਣੀ ਕਮੇਟੀ ਵੱਲੋਂ ਮਸ਼ੀਨਾਂ ਦੀ ਮਦਦ ਨਾਲ ਦੁਕਾਨਾਂ ਅਤੇ ਹੋਰ ਇਮਾਰਤਾਂ ਨੂੰ ਢਾਹਿਆ ਜਾ ਰਿਹਾ ਹੈ ਅਤੇ 15 ਤੋਂ ਵੱਧ ਇਮਾਰਤਾਂ ਢਾਹ ਦਿੱਤੀਆਂ ਗਈਆਂ ਹਨ।

ਇਸ ਮੌਕੇ ਕੁਝ ਦੁਕਾਨਦਾਰਾਂ ਨੇ ਆਪਣੇ ਭਵਿੱਖ ਦੀ ਚਿੰਤਾ ਪ੍ਰਗਟਾਈ ਹੈ। ਇੱਕ ਦੁਕਾਨਦਾਰ ਸੰਜੀਵ ਕੁਮਾਰ ਨੇ ਦੱਸਿਆ ਕਿ ਉਹ ਸੱਠ ਸਾਲਾਂ ਤੋਂ ਇੱਥੇ ਅਲਮਾਰੀਆਂ ਦਾ ਕਾਰੋਬਾਰ ਕਰ ਰਿਹਾ ਹੈ, ਪਰ ਸ਼੍ਰੋਮਣੀ ਕਮੇਟੀ ਨੇ ਦੁਕਾਨ ਢਾਹ ਦਿੱਤੀ ਹੈ। ਬਾਗ ਅਕਾਲੀ ਮਾਰਕੀਟ ਸ਼ਾਪ ਐਸੋਸੀਏਸ਼ਨ ਦੇ ਪ੍ਰਧਾਨ ਲਾਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਕਿਰਾਏਦਾਰਾਂ ਨਾਲ ਚਾਰ ਮੀਟਿੰਗਾਂ ਕੀਤੀਆਂ ਅਤੇ ਦੁਕਾਨਦਾਰਾਂ ਨੂੰ ਵਸਾਉਣ ਦਾ ਭਰੋਸਾ ਦਿੱਤਾ ਸੀ, ਪਰ ਬਿਨਾਂ ਸਮਾਂ ਦਿੱਤਿਆਂ ਦੁਕਾਨਾਂ ਢਾਹੁਣੀਆਂ ਸ਼ੁਰੂ ਕਰ ਦਿੱਤੀਆਂ ਹਨ।ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਦੁਕਾਨਾਂ ਢਾਹੁਣ ਦੀ ਕਾਰਵਾਈ ਦੁਕਾਨਦਾਰਾਂ ਕੋਲੋਂ ਸਹਿਮਤੀ ਲੈਣ ਮਗਰੋਂ ਸ਼ੁਰੂ ਕੀਤੀ ਹੈ। ਕੱਲ੍ਹ ਇਸ ਉੱਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਦੁਕਾਨਦਾਰ ਨੂੰ ਉਜਾੜਿਆ ਨਹੀਂ ਜਾਵੇਗਾ।

# ਹਵਾਲਾਤੀਆਂ ਨੇ ਮੋਬਾਈਲ ਫੋਨ ਰਾਹੀਂ ਬਾਹਰੋਂ ਫਿਰੌਤੀ ਮੰਗੀ

ਫਰੀਦਕੋਟ, 24 ਅਗਸਤ (ਪੋਸਟ ਬਿਊਰੋ)- ਅਤਿ ਸੁਰੱਖਿਅਤ ਮੰਨੀ ਜਾਂਦੀ ਕੇਂਦਰੀ ਮਾਡਰਨ ਜੇਲ੍ਹ ਵਿੱਚੋਂ ਹਵਾਲਾਤੀਆਂ ਨੇ ਆਪਣੇ ਹੀ ਸਾਥੀ ਕੈਦੀਆਂ ਦੇ ਪਰਵਾਰਾਂ ਤੋਂ ਫਿਰੌਤੀਆਂ ਦੀ ਮੰਗ ਕਰ ਕੇ ਧਮਕੀਆਂ ਦਿੱਤੀਆਂ ਹਨ। ਜਿਹੜੇ ਕੈਦੀ ਜਾਂ ਹਵਾਲਾਤੀ ਪਹਿਲਾਂ ਮੋਬਾਈਲ ਫੋਨ ਲੁਕਾ ਕੇ ਕਈ ਤਰ੍ਹਾਂ ਦੇ ਮਾੜੇ ਧੰਦੇ ਕਰਦੇ ਸਨ, ਉਨ੍ਹਾਂ ਵੱਲੋਂ ਜੇਲ੍ਹ ਅੰਦਰੋਂ ਫਿਰੌਤੀਆਂ ਮੰਗਣ ਦੀ ਗੱਲ ਪਤਾ ਲੱਗਣ ਉੱਤੇ ਜੇਲ੍ਹ ਪ੍ਰਸ਼ਾਸਨ ਵਿੱਚ ਭਾਜੜ ਮਚ ਗਈ ਹੈ।

ਪਤਾ ਲੱਗਾ ਹੈ ਕਿ ਹਵਾਲਾਤੀ ਭੁਪਿੰਦਰ ਸਿੰਘ ਨੇ ਆਪਣੇ ਸਾਥੀਆਂ ਸਮੇਤ ਜੇਲ੍ਹ ਸੁਪਰਡੈਂਟ ਨੂੰ ਦੱਸਿਆ ਕਿ ਕੁਝ ਅਣਪਛਾਤੇ ਵਿਅਕਤੀ ਜੇਲ੍ਹ ਅੰਦਰੋਂ ਸਾਡੇ ਪਰਵਾਰਾਂ ਨੂੰ ਫੋਨ ਕਰ ਕੇ ਫਿਰੌਤੀ ਦੀ ਮੰਗ ਕਰਦੇ ਹਨ। ਸੁਪਰਡੈਂਟ ਨੇ ਇਸ ਦੀ ਪੜਤਾਲ ਕਰਵਾਈ ਤਾਂ ਸਹਾਇਕ ਸੁਪਰਡੈਂਟ ਜਸਵਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਹਵਾਲਾਤੀਆਂ ਮਨਜੀਤ ਸਿੰਘ ਤੇ ਬਲਵਿੰਦਰ ਸਿੰਘ ਤੋਂ ਮੋਬਾਈਲ ਫੋਨ ਬਰਾਮਦ ਕਰ ਕੇ ਕੇਸ ਦਰਜ ਕਰਵਾਇਆ। ਪਿਛਲੇ ਦਿਨੀਂ ਉਚ ਪੁਲਸ ਅਧਿਕਾਰੀਆਂ ਦੀ ਟੀਮ ਨੇ ਜੇਲ੍ਹ ਦੀ ਜਾਂਚ ਕਰਨ ਮੌਕੇ ਹਵਾਲਾਤੀਆਂ ਤੋਂ ਮੋਬਾਈਲ ਫੋਨ ਫੜੇ ਸਨ, ਉਸ ਤੋਂ ਬਾਅਦ ਵੀ ਮੋਬਾਈਲ ਫੋਨ ਅਤੇ ਹੋਰ ਇਤਰਾਜ਼ਯੋਗ ਵਸਤੂਆਂ ਬਰਾਮਦ ਹੋਣ ਦੇ ਬਾਵਜੂਦ ਧਮਕੀਆਂ ਦੇ ਕੇ ਫਿਰੌਤੀ ਮੰਗਣਾ ਜੇਲ੍ਹ ਪ੍ਰਸ਼ਾਸਨ ਉੱਤੇ ਸਵਾਲੀਆ ਨਿਸ਼ਾਨ ਲਾ ਰਿਹਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਸ਼੍ਰੋਮਣੀ ਕਮੇਟੀ ਚੋਣਾਂ ਦਾ ਚੈਲਿੰਜ: ਸਹਿਜਧਾਰੀ ਸਿੱਖ ਵੋਟਾਂ, 18 ਸਾਲ ਦੇ ਵੋਟਰਾਂ ਤੇ ਅਪਰਾਧਕ ਪਿਛੋਕੜ ਸਬੰਧੀ ਲਿਖਿਆ ਗਿਅ

ਚੰਡੀਗੜ੍ਹ, 24 ਅਗਸਤ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 170 ਮੈਂਬਰੀ ਜਨਰਲ ਹਾਊਸ ਲਈ ਆਮ ਚੋਣਾਂ ਕਰਵਾਉਣ ਦੇ ਪ੍ਰਬੰਧਾਂ ਵਾਸਤੇ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ, ਸੇਵਾ ਮੁਕਤ ਜਸਟਿਸ ਐਸ ਐਸ ਸਾਰੋਂ ਨੇ ਜੰਗੀ ਪੱਧਰ ਉੱਤੇ ਕੰਮ ਸ਼ੁਰੂ ਕਰ ਦਿੱਤਾ ਅਤੇ ਗੁਰਦੁਆਰਾ ਐਕਟ ਦੇ ਨਿਯਮਾਂ ਵਿੱਚ ਵੱਖਰੀ ਹਰਿਆਣਾ ਸਿੱਖ ਗੁਰਦ-ਆਰਾ ਪ੍ਰਬੰਧਕ ਕਮੇਟੀ, ਸਹਿਜਧਾਰੀ ਸਿੱਖ ਵੋਟਰਾਂ, ਉਮੀਦਵਾਰਾਂ ਦੇ ਅਪਰਾਧਕ ਪਿਛੋਕੜ ਅਤੇ ਵੋਟਰ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਸਮੇਤ ਨਿਯਮਾਂ ਵਿੱਚ ਤਬਦੀਲੀ ਵਾਸਤੇ ਕੇਂਦਰ ਦੇ ਗ੍ਰਹਿ ਮੰਤਰਾਲੇ ਨੂੰ ਲਿਖਤੀ ਰੂਪ ਵਿੱਚ ਚਿੱਠੀ ਭੇਜ ਦਿੱਤੀ ਹੈ।ਇਸ ਬਾਰੇ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਜਸਟਿਸ ਸਾਰੋਂ ਨੇ ਦੱਸਿਆ ਕਿ ਸਤੰਬਰ 2011 ਵਿੱਚ ਪਿਛਲੀਆਂ ਚੋਣਾਂ ਹੋਣ ਪਿੱਛੋਂਦੇ 11




ਸਾਲਾਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਯੂ ਟੀ ਚੰਡੀਗੜ੍ਹ ਦੇ ਧਾਰਮਿਕ, ਸਮਾਜਿਕ ਵਿਦਿਅਕ, ਸਿੱਖ ਪੰਥਕ ਹਲਕਿਆਂ ਅਤੇ ਹੋਰ ਖੇਤਰਾਂ ਵਿੱਚ ਚੋਖੀ ਤਬਦੀਲੀ ਆ ਚੁੱਕੀ ਹੈ ਅਤੇ ਨਿਯਮਾਂ ਵਿੱਚ ਤਰਮੀਮ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ। ਚੀਫ਼ ਕਮਿਸ਼ਨਰ ਨੇ ਦੱਸਿਆ ਕਿ ਪਿਛਲੇ ਦਿਨਾਂ ਤੋਂ ਉਨ੍ਹਾਂ ਨੂੰ ਮਿਲਣ ਵਾਲਿਆਂ ਵਿੱਚ ਅਕਾਲੀ ਦਲ ਤੇ ਹੋਰ ਸਿੱਖ ਸੰਗਠਨਾਂ ਦੇ ਨੇਤਾਵਾਂ ਵਿੱਚ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਸਿਮਰਨਜੀਤ ਸਿੰਘ ਮਾਨ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਜਸਜੀਤ ਸਿੰਘ ਸਮੁੰਦਰੀ, ਹਿੰਮਤ ਸਿੰਘ ਸ਼ੇਰਗਿੱਲ, ਬਲਦੇਵ ਸਿੰਘ ਸਿਰਸਾ ਗੁਰਨਾਮ ਸਿੰਘ ਸਿੱਧੂ ਤੇ ਐਡਵੋਕੇਟ ਹਰਪਾਲ ਸਿੰਘ ਚੀਮਾ ਸ਼ਾਮਲ ਹਨ। ਜਸਟਿਸ ਸਾਰੋਂ ਨੇ ਦੱਸਿਆ ਕਿ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਮਨਜੀਤ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵੀ ਉਨ੍ਹਾਂ ਨੂੰ ਮਿਲ ਕੇ ਗਏ ਹਨ। ਇਨ੍ਹਾਂ ਸਾਰੇ ਲੋਕਾਂ ਨੇ ਚੀਫ਼ ਕਮਿਸ਼ਨਰ ਨੂੰ ਵੋਟਰਾਂ ਬਾਰੇ ਕਈ ਸੁਝਾਅ ਵੀ ਦਿੱਤੇ। ਜਸਟਿਸ ਸਾਰੋਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਨਿਰਪੱਖ ਤੇ ਆਜ਼ਾਦ ਰੂਪ ਵਿੱਚ ਕਰਾਉਣਾ, ਉਨ੍ਹਾਂ ਵਾਸਤੇ ਇੱਕ ਵੱਡਾ ਚੈਲੇਂਜ ਹੈ। ਜਸਟਿਸ ਸਾਰੋਂ ਨੇ ਕੇਂਦਰ ਸਰਕਾਰ ਨੂੰ ਲਿਖੀ ਪੰਜ ਸਫ਼ਿਆਂ ਦੀ ਚਿੱਠੀ ਵੀ ਦਿਖਾਈ ਜਿਸ ਵਿੱਚ ਇੱਕ ਸੈਕਟਰੀ, ਦੋ ਸੈਟਨੋਗ੍ਰਾਫ਼ਰ, ਤਿੰਨ ਸਹਾਇਕ ਕਲਰਕ ਅਤੇ ਹੋਰ ਸਟਾਫ਼ ਦੀ ਮੰਗ ਕੀਤੀ ਗਈ ਹੈ। ਉਨ੍ਹਾ ਇਹ ਵੀ ਸਪੱਸ਼ਟ ਕੀਤਾ ਕਿ ਜਿਵੇਂ ਵਿਧਾਨ ਸਭਾਵਾਂ, ਲੋਕ ਸਭਾ ਤੇ ਹੋਰ ਵੱਡੇ ਅਦਾਰਿਆਂ ਵਿੱਚ ਚੋਣਾਂ ਵੇਲੇ, ਉਮੀਦਵਾਰਾਂ ਦੇ ਅਪਰਾਧਕ ਪਿਛੋਕੜ ਤੇ ਮੌਜੂਦਾ ਅਦਾਲਤੀ ਕੇਸਾਂ ਦੇ ਵੇਰਵੇ ਦੇਣੇ ਭਾਰਤ ਦੇ ਚੋਣ ਕਮਿਸ਼ਨ ਨੇ ਜ਼ਰੂਰੀ ਕੀਤੇ ਹਨ। ਉਸੇ ਤਰ੍ਹਾਂ ਇਸ ਧਾਰਮਿਕ ਸੰਸਥਾ ਦੀਆਂ ਚੋਣਾਂ ਵਾਸਤੇ ਅੱਤ ਜ਼ਰੂਰੀ ਹੈ ਕਿ ਪੂਰਾ ਵੇਰਵਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ 110 ਸੀਟਾਂ ਵਿਚਲੇ ਸਿੱਖ ਮਰਦਾਂ ਤੇ ਸਿੱਖ ਬੀਬੀਆਂ ਦੀਆਂ ਵੋਟਾਂ ਸ਼ਨਾਖਤੀ ਕਾਰਡ ਅਤੇ ਇਸੇ ਤਰ੍ਹਾਂ ਹਰਿਆਣਾ ਵਿੱਚ ਅੱਠ ਸੀਟਾਂ ਤੇ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਯੂ ਟੀ ਦੀ ਇੱਕ-ਇੱਕ ਸੀਟ ਵਿਚਲੇ ਸਿੱਖ ਵੋਟਰਾਂ ਦੇ ਕਾਰਡ ਬਣਾਉਣ ਦਾ ਵੱਡਾ ਕੰਮ ਨੇਪਰੇ ਚਾੜ੍ਹਨ ਵਾਸਤੇ ਚੀਫ ਸੈਕਟਰੀਆਂ ਰਾਹੀਂ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਜਾਵੇਗਾ।

# ਰਿਸ਼ਵਤ ਲੈਂਦੇ ਦੋ ਪੁਲਸ ਮੁਲਾਜ਼ਮ ਵਿਧਾਇਕ ਵੱਲੋਂ ਕਾਬੂ

ਤਰਨਤਾਰਨ, 24 ਅਗਸਤ (ਪੋਸਟ ਬਿਊਰੋ)- ਰਿਸ਼ਵਤ ਲੈਂਦੇ ਹੋਏ ਦੋ ਟ੍ਰੈਫਿਕ ਪੁਲਸ ਕਰਮਚਾਰੀਆਂ ਨੂੰ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਰੰਗੇ ਹੱਥੀਂ ਫੜਨ ਦੀ ਖਬਰ ਆਈ ਹੈ, ਜਿਸ ਪਿੱਛੋਂ ਐਸ ਐਸ ਪੀ ਤਰਨ ਤਾਰਨ ਨੇ ਦੋਵਾਂ ਮੁਲਾਜ਼ਮਾਂਖ਼ਿਲਾਫ਼ ਥਾਣਾ ਗੋਇੰਦ-ਵਾਲ ਵਿਖੇ ਕੁਰੱਪਸ਼ਨ ਐਕਟ ਦਾ ਕੇਸ ਦਰਜ ਕਰਵਾਇਆ ਅਤੇ ਦੋਵਾਂ ਨੂੰ ਸਸਪੈਂਡ ਕਰ ਕੇ ਵਿਭਾਗੀ ਜਾਂਚ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ।



ਮਿਲੀ ਜਾਣਕਾਰੀ ਅਨੁਸਾਰ ਇਸ ਜ਼ਿਲ੍ਹੇ ਦੇ ਪਿੰਡ ਜਾਮਾਰਾਏ ਵਿਖੇ ਦੋ ਟ੍ਰੈਫਿਕ ਪੁਲਸ ਦੇ ਏ ਐਸ ਆਈਜ਼ ਨੇ ਨਿੱਜੀ ਗੱਡੀ ਨਾਲ ਨਾਕਾ ਲਾ ਰੱਖਿਆ ਸੀ ਅਤੇ ਵਾਹਨ ਚਾਲਕਾਂ ਤੋਂ ਚਲਾਨ ਕਰਨ ਦੇ ਬਹਾਨੇ ਨਾਲ ਪੈਸੇ ਬਟੋਰ ਰਹੇ ਸਨ। ਇਸ ਦੌਰਾਨ ਮੋਟਰਸਾਈਕਲ ਸਵਾਰ ਇੱਕ ਜੋੜੇ ਨੂੰ ਨਾਕੇ ਉਪਰ ਕਾਗਜ਼ਾਤ ਦੀ ਕਮੀ ਕਰ ਕੇ ਇੱਕ ਘੰਟਾ ਰੋਕੀ ਰੱਖਿਆ, ਜਿਸ ਤੋਂ ਬਾਅਦ ਇਸ ਜੋੜੇ ਤੋਂ ਟ੍ਰੈਫਿਕ ਮੁਲਾਜ਼ਮਾਂ ਨੇ 500 ਰੁਪਏ ਰਿਸ਼ਵਤ ਲੈ ਲੈਣ ਪਿੱਛੋਂ ਜਾਣ ਦਿੱਤਾ। ਓਧਰੋਂ ਕਿਸੇ ਸਮਾਗਮ ਲਈ ਆਪਣੇ ਵਰਕਰਾਂ ਸਮੇਤ ਨਿਕਲ ਰਹੇ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰ-ਦਰ ਸਿੰਘ ਲਾਲਪੁਰਾ ਨੇ ਲੋਕਾਂ ਨੂੰ ਖੱਜਲ-ਖੁਆਰ ਹੁੰਦੇ ਵੇਖ ਕੇ ਆਪਣੀਆਂ ਗੱਡੀਆਂ ਰੋਕ ਦਿੱਤੀਆਂ। ਓਥੇ ਮੌਜੂਦ ਵਾਹਨ ਚਾਲਕਾਂ ਅਤੇ ਹੋਰ ਲੋਕਾਂ ਨੇ ਵਿਧਾਇਕ ਨੂੰ ਪੁਲਸ ਵਾਲਿਆਂ ਵੱਲੋਂ ਰਿਸ਼ਵਤ ਲੈਣ ਬਾਰੇ ਦੱਸਿਆ ਤਾਂ ਵਿਧਾਇਕ ਲਾਲਪੁਰਾ ਨੇ ਪੁਲਸ ਵਾਲਿਆਂ ਦੀ ਨਿੱਜੀ ਗੱਡੀ ਵਿੱਚੋਂ ਰਿਸ਼ਵਤ ਲਈ ਵਸੂਲ ਕੀਤੇ ਰੁਪਏ ਬਰਾਮਦ ਕਰ ਕੇ ਸਾਰਾ ਕੇਸ ਐਸ ਐਸ ਪੀ ਰਣਜੀਤ ਸਿੰਘ ਢਿੱਲੋਂ ਦੇ ਧਿਆਨ ਵਿੱਚ ਲਿਆਂਦਾ, ਜਿਨ੍ਹਾਂ ਨੇ ਥਾਣਾ ਗੋਇੰਦਵਾਲ ਸਾਹਿਬ ਦੇ ਮੁੱਖੀ ਰਾਜਿੰਦਰ ਸਿੰਘ ਨੂੰ ਭੇਜਿਆ। ਥਾਣਾ ਮੁਖੀ ਨੇ ਓਥੇ ਪੁੱਜ ਕੇ ਦੋਵੇਂ ਲੋਕਲ ਰੈਂਕ ਏ ਐਸ ਆਈ ਜਸਵੰਤ ਸਿੰਘ ਅਤੇ ਰਾਜਿੰਦਰ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਇਸ ਬਾਰੇ ਐਸ ਐਸ ਪੀ ਢਿੱਲੋਂ ਨੇ ਦੱਸਿਆ ਕਿ ਦੋਵਾਂ ਪੁਲਸ ਵਾਲਿਆਂ ਖ਼ਿਲਾਫ਼ ਕੁਰੱਪਸ਼ਨ ਐਕਟ ਦਾ ਕੇਸ ਦਰਜ ਕਰ ਕੇ ਦੋਵਾਂ ਨੂੰ ਸਸਪੈਂਡ ਕਰ ਦਿੱਤਾ ਅਤੇ ਵਿਭਾਗੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ।

## ਤਿੰਨ ਭਾਰਤੀਆਂ ਦੀ ਜਾਨ ਲੈਣ ਵਾਲੀ ਦੁਰਘਟਨਾ ਬਾਰੇ ਸਕਾਟਲੈਂਡ ਦੀ ਪੁਲਸ ਨੇ ਜਾਣਕਾਰੀ ਮੰਗੀ




ਲੰਡਨ, 24 ਅਗਸਤ (ਪੋਸਟ ਬਿਊਰੋ)- ਸਕਾਟਲੈਂਡ ਪੁਲਸ ਨੇ ਤਿੰਨ ਭਾਰਤੀ ਵਿਦਿਆਰਥਿਆਂ ਦੀ ਮੌਤ ਦਾ ਕਾਰਨ ਬਣੇ ਇੱਕ ਸੜਕ ਹਾਦਸੇ ਬਾਰੇ ਪ੍ਰਸ਼ਾਸਨ ਤੋਂ ਜਾਣਕਾਰੀ ਮੰਗੀ ਹੈ। ਇਸ ਹਾਦਸੇ ਵਿੱਚ ਇੱਕ ਭਾਰਤੀ ਵਿਦਿਆਰਥਣ ਗੰਭੀਰ ਜ਼ਖ਼ਮੀ ਹੋ ਗਈ ਸੀ, ਜਿਸ ਦਾ ਹਸਪਤਾਲ ਵਿੱਚ ਇਲਾਜ ਜਾਰੀ ਹੈ।

ਕੱਲ੍ਹ ਦੁਪਹਿਰੇ ਸਕਾਟਲੈਂਡ ਵਿੱਚ ਕੈਸਲ ਸਟੋਕਰ ਦੇ ਕੋਲ ਏ-828 ਹਾਈਵੇ ਉੱਤੇ ਹੋਈ ਦੁਰਘਟਨਾ ਵਿੱਚ ਹੈਦਰਾਬਾਦ ਦੇ ਪਵਨ ਬਾਸ਼ੇਟੀ (23), ਬੈਂਗਲੁਰੂ ਦੇ ਗਿਰੀਸ਼ ਸਬਰਾਮਨੀਅਮ (23) ਅਤੇ ਆਂਧਰਾ ਪ੍ਰਦੇਸ਼ ਦੇ ਸੁਧਾਕਰ ਮੋਡੇਪਲੀ (30) ਦੀ ਮੌਤ ਹੋ ਗਈ ਸੀ। ਬਾਸ਼ੇਟੀ ਅਤੇ ਸੁਬਰਾਮਨੀਅਮ ਲੀਸੇਸਟਰ ਯੂਨੀਵਰਸਿਟੀ ਤੋਂ ਐਰੋਨਾਟਿਕਲ ਇੰਜੀਨਿਅਰਿੰਗ ਵਿੱਚ ਗ੍ਰੈਜੂਏਸ਼ਨ ਦੀ ਪੜ੍ਹਾਈ ਕਰ ਰਹੇ ਸਨ ਅਤੇ ਮੋਡੇਪਲੀ ਯੂਨੀਵਰਸਿਟੀ ਦਾ ਸਾਬਕਾ ਵਿਦਿਆਰਥੀ ਅਤੇ ਉਨ੍ਹਾਂ ਦਾ ਦੋਸਤ ਸੀ। ਉਹ ਹੌਂਡਾ ਸਿਟੀ ਕਾਰ ਵਿੱਚ ਜਾ ਰਹੇ ਸਨ, ਜਿਸ ਦੀ ਮਾਲ ਢੋਣ ਵਾਲੇ ਭਾਰੀ ਵਾਹਨ ਨਾਲ ਟੱਕਰ ਹੋ ਗਈ ਸੀ।ਦੁਰਘਟਨਾ ਵਿੱਚ ਜ਼ਖ਼ਮੀ ਹੋਈ ਹੈਦਰਾਬਾਦ ਦੀ ਸਾਈ ਵਰਮਾ (24) ਗੰਭੀਰ ਹਾਲਤ ਵਿੱਚ ਗਲਾ-ਸਗੋ ਦੇ ਹਸਪਤਾਲ ਵਿੱਚ ਭਰਤੀ ਹੈ। ਉਹ ਵੀ ਲੀਸੇਸਟਰ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਸਕਾਟਲੈਂਡ ਪੁਲਸ ਦੇ ਇੱਕ ਸਾਰਜੈਂਟ ਕੇਵਿਨ ਕ੍ਰੈਗ ਨੇ ਕਿਹਾ ਕਿ ਅਸੀਂ ਦੁਰਘਟਨਾ ਵਿੱਚ ਸਬੰਧਤ ਹਾਲਾਤ ਦੀ ਜਾਂਚ ਕਰ ਰਹੇ ਹਾਂ ਤੇ ਸਾਡੀ ਅਪੀਲ ਹੈ ਕਿ ਜੇ ਕਿਸੇ ਨੇ ਇਸ ਘਟਨਾ ਨੂੰ ਦੇਖਿਆ ਹੋਵੇ ਤਾਂ ਉਹ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਦੇਵੇ।

# ਕੇਂਦਰੀ ਮੰਤਰੀ ਮਿਸ਼ਰਾ ਨੇ ਟਿਕੈਤ ਨੂੰ ‘ਦੋ ਕੌਡੀ ਦਾ ਆਦਮੀ’ ਕਿਹਾ

* ਮੰਤਰੀ ਨੇ ਪੱਤਰਕਾਰਾਂ ਨੂੰ ਵੀ ਬੇਵਕੂਫ ਆਖਿਆ



ਲਖੀਮਪੁਰ, 24 ਅਗਸਤ (ਪੋਸਟ ਬਿਊਰੋ)- ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ, ਜਿਨ੍ਹਾਂ ਨੂੰ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਆਪਣੇ ਪੁੱਤਰ ਦੀ ਭੂਮਿਕਾ ਕਰ ਕੇ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ, ਨੇ ਕੱਲ੍ਹ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ‘ਦੋ ਕੌਡੀ ਦਾ ਆਦਮੀ’ ਕਹਿ ਕੇ ਸੰਬੋਧਨ ਕੀਤਾ। ਉਸ ਦੀ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਦੀ ਇੱਕ ਵੀਡੀਓ ਸਾਹਮਣੇ ਆਈ ਹੈ ਜਿਸ ਵਿੱਚ ਉਹ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਨਕਾਰ ਰਿਹਾ ਹੈ।

ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਕਿਹਾ, “ਮੰਨ ਲਓ ਮੈਂ ਚੰਗੀ ਰਫਤਾਰ ਉਤੇ ਕਾਰ ਵਿੱਚ ਲਖਨਊ ਜਾ ਰਿਹਾ ਹਾਂ, ਰਾਹ ਵਿੱਚ ਕੁੱਤੇ ਭੌਂਕਦੇ ਹਨ ਤੇ ਗੱਡੀ ਦਾ ਪਿੱਛਾ ਕਰਦੇ ਹਨ, ਇਹ ਉਨ੍ਹਾਂ ਦਾ ਸੁਭਾਅ ਹੈ, ਮੈਂ ਉਸ ਬਾਰੇ ਕੁਝ ਨਹੀਂ ਕਹਾਂਗਾ, ਕਿਉਂਕਿ ਸਾਡਾ ਸੁਭਾਅ ਅਜਿਹਾ ਨਹੀਂ ਹੈ। ਜਦ ਚੀਜ਼ਾਂ ਸਾਹਮਣੇ ਆਉਣਗੀਆਂ, ਮੈਂ ਸਾਰਿਆਂ ਨੂੰ ਜਵਾਬ ਦੇਵਾਂਗੇ। ਮੈਨੂੰ ਤੁਹਾਡੇ ਤੋਂ ਸਮਰਥਨ ਮਿਲਦੇ ਰਹਿਣ ਦਾ ਪੂਰਾ ਭਰੋਸਾ ਹੈ।”

ਵਰਨਣ ਯੋਗ ਹੈ ਕਿ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਇੱਥੋਂ ਨੇੜਲੇ ਤਿਕੁਨੀਆ ਪਿੰਡ ਵਿੱਚ ਹਿੰਸਾ ਦੌਰਾਨ ਚਾਰ ਕਿਸਾਨਾਂ ਸਣੇ ਅੱਠ ਜਣੇ ਮਾਰੇ ਗਏ ਸਨ। ਉਥੇ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ ਤੇ ਕਿਸਾਨਾਂ ਤੇ ਹੋਰਾਂ ਉਤੇ ਕਾਰ ਚੜ੍ਹਾ ਦਿੱਤੀ ਗਈ ਸੀ। ਇਸ ਕੇਸ ਵਿੱਚ ਮੰਤਰੀ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਮੁੱਖ ਦੋਸ਼ੀ ਹੈ। ਮੰਤਰੀ ਨੇ ਕਿਹਾ, “ਲੋਕ ਸਵਾਲ ਉਠਾਉਂਦੇ ਰਹਿਣਗੇ। ਕੁਝ ਬੇਵਕੂਫ ਪੱਤਰਕਾਰ ਵੀ ਹਨ, ਜਿਨ੍ਹਾਂ ਦਾ ਪੱਤਰਕਾਰੀ ਨਾਲ ਕੋਈ ਵਾਹ ਵਾਸਤਾ ਹੀ ਨਹੀਂ ਤੇ ਪੁੱਠੀਆਂ ਸਿੱਧੀਆਂ ਗੱਲਾਂ ਕਰ ਕੇ ਸਿਰਫ ਭੰਬਲਭੂਸਾ ਪੈਦਾ ਕਰਨਾ ਚਾਹੁੰਦੇ ਹਨ।” ਮਿਸ਼ਰਾ ਨੇ ਕਿਹਾ, “ਮੈਂ ਰਾਕੇਸ਼ ਟਿਕੈਤ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਹ ਦੋ ਕੌਡੀ ਦਾ ਆਦਮੀ ਹੈ। ਉਸ ਨੇ ਦੋ ਵਾਰ ਚੋਣ ਲੜੀ ਤੇ ਜ਼ਮਾਨਤ ਤਕ ਜ਼ਬਤ ਹੋ ਗਈ। ਜੇ ਅਜਿਹਾ ਵਿਅਕਤੀ ਕਿਸੇ ਦਾ ਵਿਰੋਧ ਕਰਦਾ ਹੈ ਤਾਂ ਉਸ ਦਾ ਕੋਈ ਮੁੱਲ ਨਹੀਂ, ਤੇ ਇਸੇ ਲਈ ਮੈਂ ਅਜਿਹੇ ਲੋਕਾਂ ਨੂੰ ਜਵਾਬ ਨਹੀਂ ਦਿੰਦਾ, ਕਿਉਂਕਿ ਇਸ ਦੀ ਕੋਈ ਤੁਕ ਨਹੀਂ। ਉਹ (ਟਿਕੈਤ) ਇਸੇ ਢੰਗ ਨਾਲ ਆਪਣੀ ਸਿਆਸਤ ਕਰਦਾ ਹੈ ਤੇ ਆਪਣਾ ਗੁਜ਼ਾਰਾ ਕਰਦਾ ਹੈ। ਉਸ ਨੂੰ ਸਮਾਂ ਆਉਣ ਉੱਤੇ ਜਵਾਬ ਦਿੱਤਾ ਜਾਵੇਗਾ।ਦੂਜੇ ਪਾਸੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦੀਆਂ ਟਿੱਪਣੀਆਂਬਾਰੇ ਕਿਹਾ ਕਿ ‘ਉਸ ਦਾ ਗੁੱਸੇ ਹੋਣਾ ਸੁਭਾਵਿਕ ਹੈ, ਉਸ ਦਾ ਪੁੱਤਰ ਪਿਛਲੇ ਇੱਕ ਸਾਲ ਤੋਂ ਜੇਲ੍ਹ ਵਿੱਚ ਹੈ।’

ਵਰਨਣ ਯੋਗ ਹੈ ਕਿ ਮਿਸ਼ਰਾ ਵਿਵਾਦਤ ਬਿਆਨਬਾਜ਼ੀ ਲਈ ਜਾਣਿਆ ਜਾਂਦਾ ਹੈ। ਵੀਡੀਓ ਭਾਸ਼ਣ ਵਿੱਚ ਮਿਸ਼ਰਾ ਸਫਾਈ ਦਿੰਦਾ ਨਜ਼ਰ ਆਇਆ ਤੇ ਕਿਹਾ, “ਮੈਂ ਕਦੇ ਜ਼ਿੰਦਗੀ ਵਿੱਚ ਕੁਝ ਗਲਤ ਨਹੀਂ ਕੀਤਾ। ਮੈਂ ਸਹੀ ਚੀਜ਼ ਲਈ ਲੜ ਰਿਹਾ ਹਾਂ। ਜੇ ਮੈਂ ਕੁਝ ਗਲਤ ਕੀਤਾ ਹੈ ਤਾਂ ਕੋਈ ਵੀ ਆ ਕੇ ਕਹਿ ਸਕਦਾ ਹੈ।” ਮਿਸ਼ਰਾ ਭਾਜਪਾ ਦੀ ਟਿਕਟ ਉੱਤੇ ਖੀਰੀ ਤੋਂ ਲਗਾਤਾਰ ਦੂਜੀ ਵਾਰ ਲੋਕ ਸਭਾ ਮੈਂਬਰ ਚੁਣਿਆ ਗਿਆ। ਉਸ ਨੇ ਕਿਹਾ ਉਸ ਦੇ ਸਮਰਥਕਾਂ ਨੂੰ ਕੋਈ ਪ੍ਰੇਸ਼ਾਨ ਨਹੀਂ ਕਰ ਸਕਦਾ, ਚਾਹੇ ਜਿੰਨੇ ਮਰਜ਼ੀ ਰਾਕੇਸ਼ ਟਿਕੈਤ ਆਈ ਜਾਣ।’ ਟਿਕੈਤ ਨੇ ਦੋਸ਼ ਲਾਇਆ ਕਿ ਮਿਸ਼ਰਾ ਨੇ ਲਖੀਮਪੁਰ ਵਿੱਚ ਗੁੰਡਾ ਰਾਜ ਲਾਗੂ ਕੀਤਾ ਹੋਇਆ ਹੈ ਤੇ ਉਹ ਜਲਦੀ ਹੀ ਇਸ ਵਿਰੁੱਧ ਮੁਕਤੀ ਅਭਿਆਨ ਸ਼ੁਰੂ ਕਰਨਗੇ। ਉਨ੍ਹਾ ਨੇ ਕਿਹਾ ਕਿ ਕੇਂਦਰੀ ਮੰਤਰੀ ਦੀਆਂ ਇਨ੍ਹਾਂ ਧਮਕੀਆਂ ਨਾਲ ਲਖੀਮਪੁਰ ਕੇਸ ਦੀ ਜਾਂਚ ਪ੍ਰਭਾਵਤ ਹੋ ਸਕਦੀ ਹੈ। ਅਦਾਲਤ ਤੇ ਪੁਲਸ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ ਤੇ ਮਿਸ਼ਰਾ ਨੂੰ ਜ਼ਿਲ੍ਹੇ ਜਾਂ ਰਾਜ ਵਿੱਚੋਂ ਬਾਹਰ ਕਰ ਦੇਣਾ ਚਾਹੀਦਾ ਹੈ।

## ਪੈਗ਼ੰਬਰ ਮੁਹੰਮਦ ਵਿਰੁੱਧ ਟਿੱਪਣੀ: ਭਾਜਪਾ ਵਿਧਾਇਕ ਰਾਜਾ ਸਿੰਘ ਨੂੰ ਗ੍ਰਿਫ਼ਤਾਰੀ ਦੇ ਕੁਝ ਘੰਟਿਆਂ ਬਾਅਦ ਜ਼ਮਾਨਤ



ਹੈਦਰਾਬਾਦ, 24 ਅਗਸਤ (ਪੋਸਟ ਬਿਊਰੋ)- ਪੈਗ਼ੰਬਰ ਮੁਹੰਮਦ ਖ਼ਿਲਾਫ਼ ਅਪਮਾਨਜਨਕ ਟਿੱਪਣੀ ਲਈ ਪੁਲਸ ਵੱਲੋਂ ਭਾਜਪਾ ਵਿਧਾਇਕ ਰਾਜਾ ਸਿੰਘ ਨੂੰ ਹੈਦਰਾਬਾਦ ਵਿੱਚ ਗ੍ਰਿਫ਼ਤਾਰ ਕਰਨਪਿੱਛੋਂ ਉਸ ਨੂੰ ਹੈਦਰਾਬਾਦ ਦੀ ਨਾਮਪੱਲੀ ਕੋਰਟਨੇ ਚੇਤਾਵਨੀ ਦਿੰਦੇ ਹੋਏ ਗ੍ਰਿਫ਼ਤਾਰੀ ਦੇ ਕੁਝ ਘੰਟਿਆਂ ਬਾਅਦ ਹੀ ਜਮਾਨਤ ਦੇ ਦਿੱਤੀ। ਅਦਾਲਤ ਨੇ ਪਹਿਲਾਂ ਭਾਜਪਾ ਆਗੂ ਨੂੰ 14 ਦਿਨਾਂ ਲਈ ਜੇਲ੍ਹ ਵਿੱਚ ਭੇਜਣ ਦਾ ਹੁਕਮ ਦਿੱਤਾ, ਪਰ ਬਾਅਦ ਵਿੱਚ ਰਿਮਾਂਡ ਦਾ ਹੁਕਮ ਵਾਪਸ ਲੈ ਕੇ ਉਸ ਨੂੰ ਜਮਾਨਤ ਦੇ ਦਿੱਤੀ। ਇਸ ਤੋਂ ਪਹਿਲਾਂ ਪੈਗ਼ੰਬਰ ਮੁਹੰਮਦ ਵਿਰੁੱਧ ਅਪਮਾਨਜਨਕ ਟਿੱਪਣੀਆਂ ਲਈ ਭਾਜਪਾ ਵਿਧਾਇਕ ਰਾਜਾ ਸਿੰਘ ਨੂੰ ਕੱਲ੍ਹ ਪਾਰਟੀ ਤੋਂ ਸਸਪੈਂਡ ਕਰ ਦਿੱਤਾ ਗਿਆ ਸੀ।

ਹੈਦਰਾਬਾਦ ਦੱਖਣੀ ਜੋਨ ਦੇ ਪੁਲਸ ਡਿਪਟੀ ਕਮਿਸ਼ਨਰ ਪੀ ਸਾਈ ਚੈਤੰਨਿਆ ਨੇ ਕਿਹਾ ਕਿ ਧਾਰਮਿਕ ਆਸਥਾ ਦੇ ਅਪਮਾਨ ਨਾਲ ਸਬੰਧਤ ਕਾਨੂੰਨ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।ਭਾਜਪਾ ਵਿਧਾਇਕ ਨੇ ਸਟੈਂਡ-ਅੱਪ ਕਾਮੇਡੀਅਨ ਮੁਨੱਵਰ ਫਾਰੂਕੀ ਦੀ ਆਲੋਚਨਾ ਕਰਦੇ ਹੋਏ ਕੱਲ੍ਹ ਇੱਕ ਵੀਡੀਓ ਜਾਰੀ ਕੀਤਾ ਸੀ। ਇਸ ਵੀਡੀਓ ਵਿੱਚ ਉਹ ਇੱਕ ਧਰਮ ਵਿਸ਼ੇਸ਼ ਦੇ ਖ਼ਿਲਾਫ਼ ਵਿਵਾਦਤ ਟਿੱਪਣੀ ਕਰਦੇ ਨਜ਼ਰ ਆ ਰਹੇ ਹਨ। ਫਾਰੂਕੀ ਨੇ ਪਿੱਛੇ ਜਿਹੇ ਸ਼ਹਿਰ ਵਿੱਚ ਇੱਕ ਪ੍ਰੋਗਰਾਮ ਕੀਤਾ ਸੀ। ਭਾਜਪਾ ਨੇਤਾ ਦੀ ਗ੍ਰਿਫ਼ਤਾਰੀ ਦੀ ਮੰਗ ਕਰਦੇ ਹੋਏ ਭਾਈਚਾਰੇ ਦੇ ਕਈ ਲੋਕਾਂ ਨੇ ਕੱਲ੍ਹ ਰਾਤ ਹੈਦਰਾਬਾਦ ਦੇ ਕਈ ਹਿੱਸਿਆਂ ਵਿੱਚ ਪ੍ਰਦਰਸ਼ਨ ਕੀਤਾ। ਸ਼ਹਿਰ ਦੇ ਪੁਲਸ ਕਮਿਸ਼ਨਰ ਸੀਵੀ ਆਨੰਦ ਦੇ ਦਫ਼ਤਰ ਅਤੇ ਹੈਦਰਾਬਾਦ ਦੇ ਹੋਰ ਥਾਂਈਂ ਵੀ ਵਿਰੋਧ ਪ੍ਰਦਰਸ਼ਨ ਹੋਏ, ਜਿਸ ਪਿੱਛੋਂ ਕੇਸ ਦਰਜ ਕਰ ਕੇ ਇਹ ਕਾਰਵਾਈ ਹੋਈ ਹੈ। ਲੋਕਾਂ ਨੇ ਕਿਹਾ ਕਿ ਰਾਜਾ ਸਿੰਘ ਨੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਹੈ ਅਤੇ ਉਸ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ। ਇਸ ਮਗਰੋਂ ਭਾਜਪਾ ਵਿਧਾਇਕ ਨੂੰ ਗ੍ਰਿਫ਼ਤਾਰ ਕੀਤਾ ਗਿਆ।ਗੋਸ਼ਮਹਿਲ ਤੋਂ ਵਿਧਾਇਕ ਸਿੰਘ ਨੇ ਗ੍ਰਿਫ਼ਤਾਰੀ ਦੇ ਵਕਤ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੇ ਜਿਸ ਸੋਸ਼ਲ ਮੀਡੀਆ ਸਾਈਟ ਉੱਤੇ ਆਪਣਾ ਵੀਡੀਓ ਸਾਂਝਾ ਕੀਤਾ ਸੀ, ਉਸ ਨੇ ਉਸ ਨੂੰ ਹਟਾ ਦਿੱਤਾ ਹੈ ਤੇ ਉਹ ਰਿਹਾਅ ਹੋਣ ਦੇ ਬਾਅਦ ਇਸ ਵੀਡੀਓ ਕਲਿੱਪ ਦਾ ‘ਦੂਜਾ ਹਿੱਸਾ’ ਅਪਲੋਡ ਕਰਨਗੇ। ਸਿੰਘ ਨੇ ਕਿਹਾ,“ਮੈਂ ਇਹ ਧਰਮ ਦੇ ਲਈ ਕਰ ਰਿਹਾ ਹਾਂ। ਮੈਂ ਧਰਮ ਦੇ ਲਈ ਮਰਨ ਨੂੰ ਵੀ ਤਿਆਰ ਹਾਂ।”

## ਭਾਰਤ ਵਿੱਚ ਜੱਗੀ ਜੌਹਲ ਦੀ ਗ੍ਰਿਫ਼ਤਾਰੀ ਕਰਨ ਲਈ ਸੂਚਨਾ ਬ੍ਰਿਟਿਸ਼ ਇੰਟੈਲੀਜੈਂਸ ਨੇ ਦਿੱਤੀ ਸੀ



ਲੰਡਨ, 24 ਅਗਸਤ (ਪੋਸਟ ਬਿਊਰੋ)- ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਬ੍ਰਿਟਿਸ਼ ਖੁਫੀਆ ਏਜੰਸੀਆਂ ਐਮ ਆਈ ਛੇ ਅਤੇ ਐਮ ਆਈ ਪੰਜ ਵੱਲੋਂ ਸੂਹਦੇਣ ਉੱਤੇਭਾਰਤੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ ਸੀ।

ਪੰਜਾਬ ਵਿੱਚ ਖਾੜਕੂਵਾਦ ਤੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਜਗਤਾਰ ਸਿੰਘ ਉਰਫ਼ ਜੱਗੀ ਜੌਹਲ, ਜੋ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਹੈ, ਦੇ ਵਕੀਲਾਂ ਨੇ ਬ੍ਰਿਟਿਸ਼ ਮੀਡੀਆ ਨੂੰ ਦੱਸਿਆ ਕਿ ਜੱਗੀ ਜੌਹਲ ਨੂੰ ਖੁਫੀਆ ਏਜੰਸੀਆਂ ਦੀ ਆਪਸੀ ਜਾਣਕਾਰੀ ਦੇਣ-ਦੇਣ ਤੋਂ ਬਾਅਦ ਭਾਰਤ ਵਿੱਚ ਬੰਦੀ ਬਣਾਇਆ ਅਤੇ ਤਸੀਹੇ ਦਿੱਤੇ ਗਏ ਸਨ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਜੌਹਲ ਦੇ ਵਕੀਲਾਂ ਨੇ ਯੂ ਕੇ ਦੀਆਂ ਜਾਂਚ ਸ਼ਕਤੀਆਂ ਦੇ ਬਾਰੇ ਕਮਿਸ਼ਨਰ ਵੱਲੋਂ ਸਾਲਾਨਾ ਰਿਪੋਰਟ ਵਿੱਚ ਪ੍ਰਕਾਸ਼ਤ ਬੇਨਾਮ ਵੇਰਵਿਆਂ ਵਿੱਚ ਉਸ ਦੇ ਕੇਸ ਦੀ ਪਛਾਣ ਪਿੱਛੋਂ ਲੰਡਨ ਵਿੱਚ ਹਾਈ ਕੋਰਟ ਆਫ਼ ਜਸਟਿਸ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ। ਕੇਸ ਦੇ ਵੇਰਵੇ ਜੌਹਲ ਦੇ ਵੇਰਵੇ ਨਾਲ ਬਿਲਕੁੱਲ ਮੇਲ ਖਾਂਦੇ ਹਨ। ਬ੍ਰਿਟਿਸ਼ ਸਰਕਾਰ ਦਾ ਦਾਅਵਾ ਹੈ ਕਿ ਜੌਹਲ ਨੂੰ ਪੰਜ ਸਾਲਾਂ ਤੋਂ ਭਾਰਤ ਵਿੱਚ ‘ਮਨਮਰਜ਼ੀ ਨਾਲ ਨਜ਼ਰਬੰਦ’ ਕੀਤਾ ਗਿਆ ਹੈ ਅਤੇ ਖਾਲਿਸਤਾਨੀ ਕੱਟੜਪੰਥੀ ਵਰਗ ਵਿੱਚ ਉਸ ਦੀ ਭੂਮਿਕਾ ਲਈ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਸ ਨੂੰ 2017 ਵਿੱਚ ਪੰਜਾਬ ਫੇਰੀ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ।

ਬੀਤੇ ਮਈ ਵਿੱਚ ਜੌਹਲ ਉੱਤੇ ਕਤਲ ਦੀ ਸਾਜ਼ਿਸ਼ ਰਚਣ ਅਤੇ ਖਾੜਕੂ ਗਰੁੱਪ ਦਾ ਮੈਂਬਰ ਹੋਣ ਦਾ ਦੋਸ਼ ਲਾਇਆ ਗਿਆ ਹੈ। ਵਕੀਲਾਂ ਮੁਤਾਬਕ ਜੌਹਲ ਕਹਿੰਦਾ ਹੈ ਕਿ ਉਸ ਦੀ ਗ੍ਰਿਫ਼ਤਾਰੀ ਪਿੱਛੋਂ ਉਸ ਨੂੰ ਬੇਰਹਿਮੀ ਨਾਲ ਰੱਖਿਆ ਗਿਆ ਸੀ ਤੇ ਘੰਟਿਆਂ ਤਕ ਪੁੱਛਗਿੱਛ ਕੀਤੀ ਗਈ ਸੀ ਅਤੇ ਉਸ ਨੂੰ ਖਾਲੀ ਕਾਗਜ਼ਾਂ ਉੱਤੇ ਦਸਖ਼ਤ ਕਰਨ ਨੂੰ ਕਿਹਾ ਗਿਆ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਜੁਲਾਈ ਵਿੱਚ ਲੇਬਰ ਪਾਰਟੀ ਦੇ ਇੱਕ ਨੇਤਾ ਤੇ ਪਾਰਲੀਮੈਂਟ ਮੈਂਬਰ ਕੀਰ ਸਟਾਰਮਰ ਨੂੰ ਲਿਖੇ ਪੱਤਰ ਵਿੱਚ ਖੁਲਾਸਾ ਕੀਤਾ ਸੀ ਕਿ ਉਹ ਮੰਨਦਾ ਹੈ ਕਿ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ ਨੂੰ ਭਾਰਤ ਵਿੱਚ ‘ਮਨਮਾਨੇ ਢੰਗ ਨਾਲ’ ਨਜ਼ਰਬੰਦ ਕੀਤਾ ਗਿਆ ਹੈ ਤੇ ਉਸ ਦਾ ਮੁੱਦਾ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਉਠਾਇਆ ਗਿਆ ਹੈ। ਜੱਗੀ ਜੌਹਲ ਦੇ ਕੇਸਾਂ ਨੂੰ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ), ਜੋ ਕਿ ਅੱਤਵਾਦ ਨਾਲ ਸਬੰਧਤ ਮਾਮਲਿਆਂ ਨਾਲ ਨਜਿੱਠਦੀ ਹੈ, ਦੁਆਰਾ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਮੰਦਰ ਵਿੱਚ ਮੁਸਲਿਮ ਮੰਤਰੀ ਦੇ ਜਾਣ ਤੋਂ ਭਾਜਪਾ ਨਾਰਾਜ਼

ਪਟਨਾ, 24 ਅਗਸਤ (ਪੋਸਟ ਬਿਊਰੋ)- ਭਾਜਪਾ ਨੇ ਕੱਲ੍ਹ ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੇ ਖ਼ਿਲਾਫ਼ ਕਿਸੇ ਹੋਰ ਧਰਮ ਦੇ ਮੰਤਰੀ ਨੂੰ ਇੱਕ ਪ੍ਰਾਚੀਨ ਮੰਦਰ ਵਿੱਚ ਲਿਜਾ ਕੇ ਹਿੰਦੂ ਸੰਵੇਦਨਾਵਾਂ ਦਾ ਅਪਮਾਨ ਕਰਨ ਦਾ ਦੋਸ਼ ਲਾਇਆ। ਇਸ ਮੰਦਰ ਵਿੱਚ ਹੋਰ ਧਰਮਾਂ ਦੇ ਲੋਕਾਂ ਦਾ ਪ੍ਰਵੇਸ਼ ਵਰਜਿਤ ਹੈ। ਵਰਨਣ ਯੋਗ ਹੈ ਕਿ ਨਿਤੀਸ਼ ਕੁਮਾਰ ਨੇ ਕੱਲ੍ਹ ਗਯਾ ਦੇ ਵਿਸ਼ਨੂਪਦ ਮੰਦਰ ਵਿੱਚ ਪੂਜਾ ਕੀਤੀ ਸੀ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਨਵੇਂ ਸਹਿਯੋਗੀ ਰਾਸ਼ਟਰੀ ਜਨਤਾ ਦਲ ਦੇ ਮੰਤਰੀ ਮੁਹੰਮਦ ਇਸਰਾਈਲ ਮੰਸੂਰੀ ਵੀ ਸਨ। ਬਿਹਾਰ ਭਾਜਪਾ ਦੇ ਆਗੂ ਸੰਜੈ ਜੈਸਵਾਲ ਨੇ ਕਿਹਾ,“ਅਸੀਂ ਮੁੱਖ ਮੰਤਰੀ ਤੋਂ ਸਰਵਜਨਕ ਮਾਫ਼ੀ ਦੀ ਮੰਗ ਕਰਦੇ ਹਾਂ। ਕੀ ਉਹ ਮੱਕੇ ਅੰਦਰ ਪ੍ਰਵੇਸ਼ ਬਾਰੇ ਸੋਚ ਸਕਦੇ ਹਨ।” ਮੰਦਰ ਦੇ ਪ੍ਰਬੰਧਕੀ ਟ੍ਰਸਟ ਦੇ ਕਾਰਜਕਾਰੀ ਮੁਖੀ ਅਤੇ ਸੈਕਟਰੀ ਸ਼ੰਭੂ ਵਿਟਲ ਅਤੇ ਗਜਧਰ ਲਾਲ ਪਾਠਕ ਨੇ ਕਿਹਾ ਕਿ ਉਨ੍ਹਾਂ ਨੂੰ ਮੰਸੂਰੀ ਦੇ ਪ੍ਰਵੇਸ਼ ਦੀ ਜਾਣਕਾਰੀ ਨਹੀਂ ਸੀ, ਪਰ ਉਨ੍ਹਾਂ ਨੂੰ ਇਸ ਤੋਂ ਬਚਣਾ ਚਾਹੀਦਾ ਸੀ। ਉਪਮੁੱਖ ਮੰਤਰੀ ਤੇਜੱਸਵੀ ਯਾਦਵ ਨੇ ਕਿਹਾ,“ਕੋਈ ਵੀ ਭਾਜਪਾ ਦੀ ਗੱਲ ਉੱਤੇ ਧਿਆਨ ਨਹੀਂ ਦਿੰਦਾ ਜੋ ਕਿ “ਬੜਕਾ ਝੂਠਾ ਪਾਰਟੀ’ ਹੈ।”

# ਭਾਜਪਾ ਆਗੂ ਸੋਨਾਲੀ ਫੋਗਾਟ ਦੀ ਗੋਆ ਵਿੱਚ ਭੇਦ ਭਰੀ ਮੌਤ



ਪਣਜੀ, 24 ਅਗਸਤ (ਪੋਸਟ ਬਿਊਰੋ)- ਹਰਿਆਣਾ ਨਾਲ ਸਬੰਧਤ ਭਾਜਪਾ ਆਗੂ ਤੇ ਅਦਾਕਾਰਾ ਸੋਨਾਲੀ ਫੋਗਾਟ (42) ਦੀ ਸੋਮਵਾਰ ਦੇਰ ਰਾਤ ਗੋਆ ਵਿੱਚ ਮੌਤ ਹੋ ਗਈ ਹੈ। ਅੰਜੁਨਾ ਥਾਣੇ ਵਿੱਚ ਗੈਰ ਕੁਦਰਤੀ ਮੌਤ ਦਾ ਕੇਸ ਦਰਜ ਕੀਤਾ ਗਿਆ ਹੈ। ਪਹਿਲਾਂ ਦਾਅਵਾ ਕੀਤਾ ਗਿਆ ਸੀ ਕਿ ਮੌਤ ਦਿੱਲ ਦਾ ਦੌਰਾ ਪੈਣ ਨਾਲ ਹੋਈ ਹੈ। ਪੁਲਸ ਨੇ ਸਬੰਧਤ ਗਵਾਹਾਂ ਦੇ ਬਿਆਨ ਲਿਖੇ ਅਤੇ ਪੋਸਟਮਾਰਟਮ ਲਈ ਡਾਕਟਰਾਂ ਦਾ ਪੈਨਲ ਬਣਾਉਣ ਦੇ ਲਈ ਗੋਆ ਮੈਡੀਕਲ ਕਾਲਜ ਦੇ ਫੋਰੈਂਸਿਕ ਮੈਡੀਸਨ ਵਿਭਾਗ ਨੂੰ ਪੱਤਰ ਲਿਖਿਆ ਹੈ।ਸਾਬਕਾ ਟਿਕ ਟੌਕ ਸਟਾਰ ਤੇ ਰਿਐਲਿਟੀ ਟੀ ਵੀ ਸ਼ੋਅ ਬਿੱਗ ਬੌਸ ਵਿੱਚ ਸ਼ਾਮਲ ਹੋਣ ਵਾਲੀ ਫੋਗਾਟ ਆਪਣੇ ਕੁਝ ਸਟਾਫ ਮੈਂਬਰਾਂ ਨਾਲ ਸੋਮਵਾਰ ਨੂੰ ਗੋਆ ਆਈ ਸੀ।

ਸੋਨਾਲੀ ਫੋਗਾਟ ਨੇ ਸੋਮਵਾਰ ਰਾਤ ਬੇਚੈਨੀ ਦੀ ਸ਼ਿਕਾਇਤ ਕੀਤੀ ਤਾਂ ਉਸ ਨੂੰ ਉਤਰੀ ਗੋਆ ਜ਼ਿਲ੍ਹੇ ਵਿੱਚ ਅੰਜੁਨਾ ਦੇ ਸੇਂਟ ਐਂਥਨੀ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਪਹਿਲੀ ਨਜ਼ਰੇ ਮੌਤ ਦਿੱਲ ਦਾ ਦੌਰੇ ਕਾਰਨ ਹੋਈ ਲੱਗਦੀ ਹੈ, ਪਰ ਅਸਲ ਕਾਰਨਾਂ ਪੋਸਟਮਾਰਟਮ ਰਿਪੋਰਟ ਤੋਂ ਪਤਾ ਲੱਗੇਗਾ।ਗੋਆ ਦੇ ਡੀ ਜੀ ਪੀ ਜਸਪਾਲ ਸਿੰਘ ਨੇ ਦੱਸਿਆ ਕਿ ਫੋਗਾਟ ਵੱਲੋਂ ਬੇਚੈਨੀ ਦੀ ਸ਼ਿਕਾਇਤ ਮੌਕੇ ਉਹ ਅੰਜੁਨਾ ਦੇ ਕਰਲਿਸ ਰੈਸਟੋਰੈਂਟ ਵਿੱਚ ਸੀ, ਜਿੱਥੋਂ ਉਸ ਨੂੰ ਹਸਪਤਾਲ ਲਿਆਂਦਾ ਗਿਆ। ਪੁਲਸ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕੇਸ ਵਿੱਚ ਗੜਬੜ ਨਹੀਂ ਲੱਗਦੀ।ਉਨ੍ਹਾਂ ਨੇ ਕਿਹਾ ਕਿ ਫੋਗਾਟ ਦੇ ਸਰੀਰ ਉੱਤੇ ਬਾਹਰੀ ਸੱਟ ਦੇ ਕੋਈ ਨਿਸ਼ਾਨ ਨਹੀਂ ਸਨ ਤੇ ਮੌਤ ਦਾ ਅਸਲ ਕਾਰਨ ਪੋਸਟਮਾਰਟਮ ਰਿਪੋਰਟ ਤੋਂ ਪਤਾ ਲੱਗੇਗਾ। ਉਧਰ ਡੀ ਐਸ ਪੀ (ਮਾਪੁਸਾ) ਜੀਵਬਾ ਦਲਵੀ ਨੇ ਕਿਹਾ ਕਿ ਫੋਗਾਟ ਨੂੰ ਹਸਪਤਾਲ ਲਿਆਉਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਚੁੱਕੀ ਸੀ।

ਵਰਨਣ ਯੋਗ ਹੈ ਕਿ 2019 ਦੀਆਂ ਅਸੈਂਬਲੀ ਚੋਣਾਂ ਮੌਕੇ ਸੋਨਾਲੀ ਫੋਗਾਟ ਨੇ ਹਿਸਾਰ ਦੇ ਆਦਮਪੁਰ ਅਸੈਂਬਲੀ ਹਲਕੇ ਤੋਂ ਕੁਲਦੀਪ ਬਿਸ਼ਨੋਈ ਦੇ ਖਿਲਾਫ ਚੋਣ ਲੜੀ ਸੀ। ਬਿਸ਼ਨੋਈ ਉਦੋਂ ਕਾਂਗਰਸ ਵਿੱਚ ਸਨ ਤੇ ਪਿਛੇ ਜਿਹੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਉਨ੍ਹਾ ਨੇ ਕੁਝ ਦਿਨ ਪਹਿਲਾਂ ਹਿਸਾਰ ਵਿੱਚ ਫੋਗਾਟ ਨਾਲ ਮੁਲਾਕਾਤ ਕੀਤੀ ਸੀ। ਸੋਨਾਲੀ ਸੋਸ਼ਲ ਮੀਡੀਆ ਉੱਤੇ ਕਾਫੀ ਸਰਗਰਮ ਸੀ ਤੇ ਉਸ ਨੇ ਬਿਸ਼ਨੋਈ ਨਾਲ ਆਪਣੀ ਮੁਲਾਕਾਤ ਦੀਆਂ ਫੋਟੋ ਪੋਸਟ ਕੀਤੀਆਂ ਸਨ। ਉਹ ਕੁਝ ਦਿਨ ਪਹਿਲਾਂ ਹਿਸਾਰ ਵਿੱਚ ਜਨਮਅਸ਼ਟਮੀ ਸਮਾਗਮ ਵਿੱਚ ਸ਼ਾਮਲ ਹੋਈ ਸੀ। ਸੋਨਾਲੀ ਦੇ ਪਤੀ ਦੀ ਕੁਝ ਸਾਲ ਪਹਿਲਾਂ ਮੌਤ ਹੋ ਗਈ ਸੀ। ਸੋਨਾਲੀ ਹਰਿਆਣਾ ਦੇ ਫਰੀਦਾਬਾਦ ਜ਼ਿਲ੍ਹੇ ਨਾਲ ਸੰਬੰਧਤ ਸੀ ਤੇ ਉਹ ਸਥਾਨਕ ਸਿਆਸਤਦਾਨ ਸੰਜੇ ਫੋਗਾਟ ਨਾਲ ਵਿਆਹੀ ਸੀ। ਸੰਜੇ ਫੋਗਾਟ ਦਾ ਸਾਲ 2016 ਵਿਚ 42 ਸਾਲ ਦੀ ਉਮਰ ਵਿੱਚ ਆਪਣੇ ਫਾਰਮ ਹਾਊਸ ਵਿੱਚ ਦਿਹਾਂਤ ਹੋ ਗਿਆ ਸੀ। ਸੋਨਾਲੀ ਫੋਗਾਟ ਨੇ ਸਿਆਸਤ ਵਿੱਚ ਪੈਰ ਧਰਨ ਤੋਂ ਪਹਿਲਾਂ ਮਾਡਲਿੰਗ ਅਤੇ ਮਗਰੋਂ ਟੀ ਵੀ ਸੀਰੀਅਲ ਤੇ ਹਰਿਆਣਵੀ ਫਿਲਮਾਂ ਵਿੱਚ ਵੀ ਕੰਮ ਕੀਤਾ।

## ਟਰੰਪ ਵੱਲੋਂ ਵਿਸ਼ੇਸ਼ ਮਾਸਟਰ ਨਿਯੁਕਤ ਕਰਨ ਦੀ ਅਪੀਲ



ਵਾਸ਼ਿੰਗਟਨ, 24 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕੀਲਾਂ ਨੇ ਅਦਾਲਤ ਨੂੰ ਫੈਡਰਲ ਜਾਂਚ ਬਿਊਰੋ (ਐਫ ਬੀ ਆਈ) ਵੱਲੋਂ ਟਰੰਪ ਦੀ ਰਿਹਾਇਸ਼ ਮਾਰ-ਏ-ਲਾਗੋ ਉੱਤੇ ਮਾਰੇ ਛਾਪੇ ਵੇਲੇ ਜ਼ਬਤ ਦਸਤਾਵੇਜ਼ਾਂ ਦੀ ਘੋਖ ਲਈ ਨਿਰਪੱਖ ‘ਵਿਸ਼ੇਸ਼ ਮਾਸਟਰ’ ਨਿਯੁਕਤ ਕਰਨ ਨੂੰ ਕਿਹਾ ਹੈ।

ਇਨ੍ਹਾਂ ਵਕੀਲਾਂ ਨੇ ਫੈਡਰਲ ਕੋਰਟ ਨੂੰ ਫੈਡਰਲ ਜਾਂਚ ਬਿਊਰੋ (ਐਫ ਬੀ ਆਈ) ਨੂੰ ਡੋਨਾਲਡ ਟਰੰਪ ਦੀ ਰਿਹਾਇਸ਼ ਤੋਂ ਬਰਾਮਦ ਦਸਤਾਵੇਜ਼ਾਂ ਦੀ ਸਮੀਖਿਆ ਤੋਂ ਉਦੋਂ ਤਕ ਰੋਕਣ ਦੀ ਅਪੀਲ ਕੀਤੀ ਹੈ, ਜਦੋਂ ਤਕ ਇਨ੍ਹਾਂ ਦੀ ਜਾਂਚ ਲਈ ਵਿਸ਼ੇਸ਼ ਮਾਸਟਰ ਦੀ ਨਿਯੁਕਤੀ ਨਹੀਂ ਹੋ ਜਾਂਦੀ। ਡੋਨਾਲਡ ਟਰੰਪ ਨੇ ਇਹ ਅਰਜ਼ੀ ਓਦੋਂਪੇਸ਼ ਕੀਤੀ, ਜਦੋਂ ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਅੱਠ ਅਗਸਤ ਨੂੰ ਫਲੋਰੀਡਾ ਦੀ ਟਰੰਪ ਦੀ ਰਿਹਾਇਸ਼ ਉੱਤੇ ਮਾਰੇ ਛਾਪੇ ਦੌਰਾਨ 300 ਤੋਂ ਜ਼ਿਆਦਾ ਗੁਪਤ ਦਸਤਾਵੇਜ਼ ਬਰਾਮਦ ਹੋਏ ਸਨ। ਸਾਬਕਾ ਰਾਸ਼ਟਰਪਤੀ ਦੇ ਵਕੀਲਾਂ ਨੇ ਕੱਲ੍ਹ ਪਹਿਲੀ ਵਾਰ ਵੈਸਟ ਪਾਮ ਬੀਚ ਦੇ ਫੈਡਰਲ ਕੋਰਟ ਵਿੱਚ ਅਰਜ਼ੀ ਦਿਤੀ, ਜਿਸ ਵਿੱਚ ਛਾਪੇ ਦੌਰਾਨ ਮਿਲੇ ਦਸਤਾਵੇਜ਼ਾਂ ਬਾਰੇ ਨਿਆਂ ਵਿਭਾਗ ਨੂੰ ਜ਼ਿਆਦਾ ਵੇਰਵੇ ਦੇਣ ਦੀ ਅਪੀਲ ਕੀਤੀ ਗਈ ਹੈ। ਆਮ ਤੌਰ ਉੱਤੇ ਵਿਸ਼ੇਸ਼ ਮਾਸਟਰ ਸੁਬਾਰਡੀਨੇਟ ਅਧਿਕਾਰੀ ਹੁੰਦਾ ਹੈ ਜਿਸ ਨੂੰ ਇੱਕ ਜੱਜ ਵੱਲੋਂ ਅਦਾਲਤੀ ਹੁਕਮਾਂ ਦੀ ਪਾਲਣਾਂ ਦੀ ਅਸਲੀਅਤ ਜਾਨਣ ਅਤੇ ਉਸ ਨੂੰ ਯਕੀਨੀ ਬਣਾਉਣ ਲਈ ਨਿਯੁਕਤ ਕੀਤਾ ਜਾਂਦਾ ਹੈ। ਟਰੰਪ ਦੇ ਵਕੀਲਾਂ ਨੇ ਕੋਰਟ ਵਿੱਚ ਸੋਮਵਾਰ ਨੂੰ ਦਲੀਲ ਦਿੰਦੇ ਹੋਏ ਦੋਸ਼ ਲਾਇਆ ਕਿ ਐਫ ਬੀ ਆਈ ਤੇ ਨਿਆਂ ਵਿਭਾਗ ਉਨ੍ਹਾਂ ਨਾਲ ਲੰਬੇ ਸਮੇਂ ਤੋਂ ਗਲਤ ਵਿਹਾਰ ਕਰ ਰਹੇ ਹਨ ਅਤੇ ਕਾਨੂੰਨੀ ਏਜੰਸੀਆਂ ਸਿਆਸੀ ਮਕਸਦਾਂ ਦੀ ਪੂਰਤੀ ਲਈ ਇਸ ਦਾ ਇੱਕ ਹਥਿਆਰ ਵਜੋਂ ਇਸਤੇਮਾਲ ਕਰ ਰਹੀਆਂ ਹਨ।

ਵਰਨਣ ਯੋਗ ਹੈ ਕਿ ਓਦੋਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਜਨਵਰੀ 2021 ਵਿੱਚ ਵ੍ਹਾਈਟ ਹਾਊਸ ਛੱਡਦੇ ਸਮੇਂ ਆਪਣੇ ਨਾਲ ਗੁਪਤ ਦਸਤਾਵੇਜ਼ ਲਿਜਾਣ ਦੇ ਦੋਸ਼ ਸਨ। ਇਸੇ ਦੀ ਭਾਲ ਵਿੱਚ ਐਫ ਬੀ ਆਈ ਅਤੇ ਨਿਆਂ ਵਿਭਾਗ ਨੇ ਟਰੰਪ ਦੇ ਘਰੇ ਅੱਠ ਅਗਸਤ ਨੂੰ ਛਾਪਾ ਮਾਰਿਆ ਸੀ। ਉਦੋਂ ਤੋਂ ਅਮਰੀਕੀ ਸਿਆਸਤ ਗਰਮਾਈ ਹੋਈ ਹੈ।

## ਈ ਡੀ ਵੱਲੋਂ ਮਨੀਸ਼ ਸਿਸੋਦੀਆ ਉੱਤੇ ਮਨੀ ਲਾਂਡਰਿੰਗ ਦਾ ਕੇਸ ਦਰਜ

ਨਵੀਂ ਦਿੱਲੀ, 24 ਅਗਸਤ (ਪੋਸਟ ਬਿਊਰੋ)- ਸੀ ਬੀ ਆਈ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦਿੱਲੀ ਐਕਸਾਈਜ਼ ਨੀਤੀ ਕੇਸ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਹੈ, ਪਰ ਕਰੀਬ ਅੱਧੇ ਘੰਟੇ ਬਾਅਦ ਜਾਂਚ ਏਜੰਸੀ ਨੇ ਇਸ ਤੋਂ ਇਨਕਾਰ ਕਰ ਦਿੱਤਾ। ਰਿਪੋਰਟ ਮੁਤਾਬਕ ਈ ਡੀ ਦੀ ਅਡੀਸ਼ਨਲ ਡਾਇਰੈਕਟਰ ਸੋਨੀਆ ਨਾਰੰਗ ਨੇ ਮਨੀਸ਼ ਸਿਸੋਦੀਆ ਦੇ ਵਿਰੁੱਧ ਮਨੀ ਲਾਂਡਰਿੰਗ ਦੇ ਦੋਸ਼ਾਂ ਹੇਠ ਕੇਸ ਦੀ ਜਾਣਕਾਰੀ ਦਿੱਤੀ ਸੀ। ਬਾਅਦ ਵਿੱਚ ਉਸ ਨੇ ਖੁਦ ਇਸ ਤੋਂ ਇਨਕਾਰ ਕਰ ਦਿੱਤਾ।ਤਿੰਨ ਦਿਨ ਪਹਿਲਾਂ ਐਕਸਾਈਜ਼ਕੇਸ ਵਿੱਚ ਸੀ ਬੀ ਆਈ ਨੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਘਰ ਸਮੇਤ ਸੱਤ ਰਾਜਾਂ ਵਿੱਚ 21 ਥਾਵਾਂ ਉੱਤੇ ਛਾਪੇਮਾਰੇ ਸਨ। ਇਹ ਛਾਪੇਮਾਰੀ ਕਰੀਬ 12 ਘੰਟੇ ਚੱਲੀ।ਜਾਂਚ ਏਜੰਸੀ ਦੇ ਅਧਿਕਾਰੀਆਂ ਨੇ ਉਸ ਦੇ ਅਤੇ ਪਰਵਾਰ ਦੇ ਬਾਕੀ ਮੈਂਬਰਾਂ ਦੇ ਫ਼ੋਨ ਅਤੇ ਲੈਪਟਾਪ ਜ਼ਬਤ ਕਰ ਲਏ ਹਨ।




## ਕੋਰਟ ਵਿੱਚ ਪੇਸ਼ ਨਾ ਹੋਣ ਉੱਤੇ ਰੂਬੀਆ ਦੇ ਜ਼ਮਾਨਤੀ ਵਾਰੰਟ ਜਾਰੀ



ਜੰਮੂ, 24 ਅਗਸਤ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਮੁਫਤੀ ਮੁਹੰਮਦ ਸਈਦ ਦੀ ਛੋਟੀ ਧੀ ਅਤੇ ਪੀ ਡੀ ਪੀ ਪਾਰਟੀ ਦੀ ਮੁਖੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੀ ਭੈਣ ਰੂਬੀਆ ਸਈਦ ਖਿਲਾਫ ਜੰਮੂ ਦੀ ਟਾਡਾ ਕੋਰਟ ਨੂੰ ਕੱਲ੍ਹ ਜ਼ਮਾਨਤੀ ਵਾਰੰਟ ਜਾਰੀ ਕੀਤਾ। ਅੱਠ ਦਸੰਬਰ 1989 ਨੂੰ ਹੋਏ ਆਪਣੇ ਅਗਵਾ ਦੇ ਕੇਸ ਵਿੱਚ ਕੱਲ੍ਹ ਰੂਬੀਆ ਨੇ ਕੋਰਟ ਵਿੱਚ ਪੇਸ਼ ਹੋਣ ਸੀ, ਪਰ ਉਹ ਨਹੀਂ ਆਈ। ਇਸ ਉੱਤੇ ਕੋਰਟ ਨੇ ਉਨ੍ਹਾਂ ਖਿਲਾਫ ਵਰੰਟ ਜਾਰੀ ਕੀਤਾ ਤੇ ਅਗਲੀ ਸੁਣਵਾਈ 21 ਸਤੰਬਰ ਨੂੰ ਤੈਅ ਕੀਤੀ ਹੈ।ਅਗਵਾ ਦੇ ਇਸ ਬਹੁਚਰਚਿਤ ਮਾਮਲੇ ਵਿੱਚ ਪਿਛਲੇ ਮਹੀਨੇ ਸੁਣਵਾਈ ਦੌਰਾਨ ਰੂਬੀਆ ਸਈਦ ਪਹਿਲੀ ਵਾਰ ਕੋਰਟ ਵਿੱਚਆਈ ਸੀ ਤੇ ਉਨ੍ਹਾਂ ਨੇ ਕਸ਼ਮੀਰੀ ਵੱਖਵਾਦੀ ਤੇ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐਲ ਐਫ) ਦੇ ਚੇਅਰਮੈਨ ਯਾਸੀਨ ਮਲਿਕ ਸਣੇ ਚਾਰ ਮੁਲਜ਼ਮਾਂ ਦੀ ਪਛਾਣਿਆ ਸੀ।

ਕੱਲ੍ਹ ਸੁਣਵਾਈ ਦੌਰਾਨ ਯਾਸੀਨ ਮਲਿਕ ਵੀਡੀਓ ਕਾਨਫਰੰਸਿੰਗ ਰਾਹੀਂ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੇਸ਼ ਹੋਇਆ। ਉਹ ਟੈਰਰ ਫੰਡਿੰਗ ਕੇਸ ਵਿੱਚ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਸੁਣਵਾਈ ਦੌਰਾਨ ਕੋਰਟ ਨੇ ਯਾਸੀਨ ਮਲਿਕ ਸਾਹਮਣੇ ਕਾਨੂੰਨੀ ਸਹਾਇਤਾ ਦੀ ਪੇਸ਼ਕਸ਼ ਰੱਖੀ, ਜਿਸ ਨੂੰ ਮਲਿਕ ਨੇ ਠੁਕਰਾ ਕੇ ਇਸ ਗੱਲਉੱਤੇ ਜ਼ੋਰ ਦਿੱਤਾ ਕਿ ਉਹ ਖੁਦ ਪੇਸ਼ ਹੋ ਕੇ ਆਪਣੀਆਂ ਦਲੀਲਾਂ ਦੇਣਾ ਚਾਹੁੰਦਾ ਹੈ। ਟਾਡਾ ਕੋਰਟ ਨੇ ਉਸ ਦੀ ਖੁਦ ਪੇਸ਼ ਹੋਣ ਦੀ ਮੰਗ ਠੁਕਰਾ ਕੇ ਕਿਹਾ ਕਿ ਹਾਈ ਕੋਰਟ ਦਾ ਸਪੱਸ਼ਟ ਨਿਰਦੇਸ਼ ਹੈ ਕਿ ਸਾਰੇ ਕੇਸਾਂ ਵਿੱਚ ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਜਾਵੇ। ਵਰਨਣ ਯੋਗ ਹੈ ਕਿ ਯਾਸੀਨ ਮਲਿਕ ਉੱਤੇ ਸਾਥੀਆਂ ਸਮੇਤ ਅੱਠ ਦਸੰਬਰ 1989 ਨੂੰ ਰੂਬੀਆ ਸਈਦ ਨੂੰ ਅਗਵਾ ਕਰਨ ਦਾ ਦੋਸ਼ ਹੈ। ਯਾਸੀਨ ਤੋਂ ਇਲਾਵਾ ਇਸ ਕੇਸ ਵਿੱਚ ਅਲੀ ਮੁਹੰਮਦ ਮੀਰ, ਮੁਹੰਮਦ ਜਮਾਂ ਮੀਰ, ਇਕਬਾਲ ਅਹਿਮਦ, ਜਾਵੇਦ ਅਹਿਮਦ ਮੀਰ, ਮੁਹੰਮਦ ਰਫੀਕ, ਮੰਜ਼ੂਰ ਅਹਿਮਦ ਸੋਫ਼ੀ, ਵਜ਼ਾਹਤ ਬਸ਼ੀਰ, ਮੇਹਰਾਜ-ਉਦ-ਦੀਨ ਸ਼ੇਖ਼ ਤੇ ਸ਼ੌਕਤ ਅਹਿਮਦ ਬਖ਼ਸ਼ੀ ਵੀ ਮੁਲਜ਼ਮ ਹਨ। ਜੰਮੂ ਦੀ ਟਾਡਾ ਕੋਰਟ ਨੇ 29 ਜਨਵਰੀ 2021 ਨੂੰ ਇਸ ਮਾਮਲੇ ਵਿੱਚ ਯਾਸੀਨ ਮਲਿਕ ਤੇ ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ।

## ਛੇੜਖਾਨੀ ਤੋਂ ਤੰਗ ਆਈਆਂ ਚਾਰ ਭੈਣਾਂ ਨੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ



ਫਿਰੋਜ਼ਾਬਾਦ, 24 ਅਗਸਤ (ਪੋਸਟ ਬਿਊਰੋ)- ਯੂ ਪੀ ਦੇ ਫਿਰੋਜ਼ਬਾਦ ਵਿੱਚ ਛੇੜਖਾਨੀ ਤੋਂ ਪ੍ਰੇਸ਼ਾਨ ਚਾਰ ਭੈਣਾਂ ਨੇ ਆਪਣੇ ਚਚੇਰੇ ਭਰਾਵਾਂ ਨਾਲ ਮਿਲ ਕੇ ਨੌਜਵਾਨ ਨੂੰ ਡਾਂਗਾਂ ਅਤੇ ਸਰੀਏ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਪੂਰੀ ਰਾਤ ਲਾਸ਼ ਗਲੀ ਵਿੱਚ ਪਈ ਰਹੀ। ਪੁਲਸ ਨੇ ਚਾਰਾਂ ਭੈਣਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਤਿੰਨੇ ਭਰਾ ਫਰਾਰ ਹਨ।

ਪਤਾ ਲੱਗਾ ਹੈ ਕਿ ਮ੍ਰਿਤਕ ਰਾਮ-ਗੋਪਾਲ ਬਘੇਲ (40) ਕੁਆਰਾ ਸੀ ਅਤੇ ਆਪਣੀ ਵਿਧਵਾ ਭਰਜਾਈ ਤੇ ਉਸ ਦੇ ਤਿੰਨ ਨਾਬਾਲਗ ਬੱਚਿਆਂ ਨਾਲ ਰਹਿੰਦਾ ਸੀ। ਦੋਸ਼ ਇਹ ਹੈ ਕਿ ਰਾਮ-ਗੋਪਾਲ ਪਿਛਲੇ ਕਈ ਸਾਲਾਂ ਤੋਂ ਮੁਹੱਲੇ ਵਿੱਚ ਇੱਕ ਪਰਵਾਰ ਦੀਆਂ ਧੀਆਂ ਨੂੰ ਛੇੜਦਾ ਸੀ। ਧੀਆਂ ਦੇ ਪਿਤਾ ਦੀ ਪਿਛਲੇ ਸਾਲ ਮੌਤ ਹੋ ਚੁੱਕੀ ਹੈ। ਉਸ ਦੀਆਂ ਸੱਤ ਧੀਆਂ ਵਿੱਚੋਂ ਤਿੰਨਾਂ ਦਾ ਵਿਆਹ ਹੋ ਚੁੱਕਾ ਹੈ ਅਤੇ4 ਧੀਆਂ ਤੇ ਛੋਟਾ ਭਰਾ ਮਾਂ ਨਾਲ ਰਹਿੰਦੇ ਸਨ। ਸੋਮਵਾਰ ਰਾਤ ਅੱਠ ਵਜੇ ਬੀ ਐਸ ਸੀ ਵਿੱਚ ਪੜ੍ਹਦੀ ਉਨ੍ਹਾਂ ਦੀ ਇੱਕ ਭੈਣ ਘਰ ਪਰਤ ਰਹੀ ਸੀ। ਘਰ ਦੇ ਬਾਹਰ ਮੰਜੀ ਉੱਤੇ ਬੈਠੇ ਰਾਮਗੋਪਾਲ ਨੇ ਉਸ ਨਾਲ ਛੇੜਛਾੜ ਕੀਤੀ। ਉਹ ਰੋਂਦੇ ਹੋਏ ਘਰ ਪੁੱਜੀ ਅਤੇ ਭੈਣਾਂ ਨੂੰ ਪੂਰੀ ਘਟਨਾ ਦੱਸੀ। ਫਿਰ ਚਾਰੇ ਭੈਣਾਂ ਚਚੇਰੇ ਭਰਾਵਾਂ ਨਾਲ ਰਾਮਗੋਪਾਲ ਦੇ ਘਰ ਪੁੱਜੀਆਂ, ਪਰ ਉਹ ਨਹੀਂ ਮਿਲਿਆ। ਉਨ੍ਹਾਂ ਨੇ ਘਰ ਦੇ ਬਾਹਰ ਪਈ ਰਾਮਗੋਪਾਲ ਦੀ ਮੰਜੀਨੂੰ ਅੱਗ ਲਾ ਦਿੱਤੀ। ਰਾਤ ਨੌਂ ਵਜੇ ਰਾਮਗੋਪਾਲ ਘਰ ਪਰਤਿਆ ਤਾਂ ਉਹ ਉਸ ਨੂੰ ਖਿੱਚ ਕੇ ਘਰ ਤੋਂ ਪੰਜਾਹ ਮੀਟਰ ਦੂਰ ਲੈ ਗਏ ਅਤੇ ਉਥੇ ਡਾਂਗਾਂ ਨਾਲ ਕੁੱਟ-ਕੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਚੀਕਾਂ ਸੁਣਨ ਤੋਂ ਬਾਅਦ ਵੀ ਕੋਈ ਮੁਹੱਲੇ ਵਾਲਾ ਉਸ ਨੂੰ ਬਚਾਉਣ ਨਹੀਂ ਆਇਆ ਅਤੇ ਪੂਰੀ ਰਾਤ ਲਾਸ਼ ਗਲੀ ਵਿੱਚ ਪਈ ਰਹੀ।

# ਓਲੰਪਿਕ ਤਗਮਾ ਜਿੱਤਣ ਵਾਲੇ ਪੰਜਾਬ ਦੇ ਹਾਕੀ ਖਿਡਾਰੀ ਨੌਕਰੀ ਵੱਲੋਂ ਹਾਲੇ ਵੀ ਵਾਂਝੇ

ਜਲੰਧਰ, 24 ਅਗਸਤ (ਪੋਸਟ ਬਿਊਰੋ)- ਭਾਰਤੀ ਹਾਕੀ ਟੀਮ ਵਿੱਚ ਖੇਡ ਚੁੱਕੇ ਪੰਜਾਬ ਦੇ ਖਿਡਾਰੀਆਂ ਨੂੰ ਸਾਲ ਪਹਿਲਾਂ ਓਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤਣ ਵੇਲੇ ਪੰਜਾਬ ਸਰਕਾਰ ਨੇ ਨੌਕਰੀਆਂ ਦੇਣ ਦੇ ਪੱਤਰ ਦਿੱਤੇ ਸਨ। ਪੰਜਾਬ ਵਿੱਚ ਹਾਕੀ ਟੀਮ ਦੀ ਜਿੱਤ ਦੇ ਜਸ਼ਨ ਵੀ ਬੜੇ ਮਨਾਏ ਗਏ, ਪਰ ਟੋਕੀਓ ਵਿੱਚ ਤਗਮਾ ਜਿੱਤਣ ਵਾਲੇ ਪੰਜਾਬੀ ਖਿਡਾਰੀਆਂ ਦੇ ਪੱਲੇ ਅਜੇ ਤਕ ਨਿਰਾਸ਼ਾ ਹੀ ਪਈ ਹੈ। ਕੱਲ੍ਹ ਇੱਥੇ ਪੰਜਾਬ ਪ੍ਰੈਸ ਕਲੱਬ ਵਿੱਚ ਇਨ੍ਹਾਂ ਖਿਡਾਰੀਆਂ ਵਰੁਣ ਕੁਮਾਰ, ਹਾਰਦਿਕ ਸਿੰਘ ਰਾਏ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ ਤੇ ਸਿਮਰਨਜੀਤ ਸਿੰਘ ਨੇ ਕਿਹਾ ਕਿ ਹਾਕੀ ਟੀਮ ਨੇ 41 ਸਾਲਾਂ ਬਾਅਦ ਓਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਲਿਆਂਦਾ ਸੀ ਅਤੇ ਕਾਮਨਵੈਲਥ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਹੈ। ਦੋ ਵੱਡੇ ਕੌਮਾਂਤਰੀ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਪੰਜਾਬ ਦਾ ਨਾਂਅ ਉਚਾ ਕੀਤਾ ਹੈ।

ਵਰੁਣ ਕੁਮਾਰ ਨੇ ਦੱਸਿਆ ਕਿ ਟੋਕੀਓ ਵਿੱਚ ਜਿੱਤਣ ਤੋਂ ਬਾਅਦ ਓਦੋਂ ਦੀ ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਪੀ ਸੀ ਐਸ ਅਤੇ ਪੰਜਾਬ ਪੁਲਸ ਵਿੱਚ ਨੌਕਰੀਆਂ ਦੇਣ ਦੇ ਪੱਤਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਸਾਲ ਬੀਤ ਗਿਆ, ਪਰ ਅਜੇ ਤਕ ਸਰਕਾਰ ਨੇ ਇਨ੍ਹਾਂ



ਖਿਡਾਰੀਆਂ ਨੂੰ ਨੌਕਰੀ ਨਹੀਂ ਦਿੱਤੀ, ਜਦ ਕਿ ਦੂਜੇ ਸੂਬਿਆਂ ਉੜੀਸਾ, ਮਨੀਪੁਰ ਅਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਦੋ ਮਹੀਨੇ ਬਾਅਦ ਹੀ ਓਲੰਪਿਕ ਖੇਡਣ ਵਾਲੇ ਆਪਣੇ ਖਿਡਾਰੀਆਂ ਨੂੰ ਨੌਕਰੀਆਂ ਦੇ ਦਿੱਤੀਆਂ ਸਨ। ਵਰੁਣ ਕੁਮਾਰ ਨੇ ਦੱਸਿਆ ਕਿ ਉਸ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਵੱਲੋਂ ਡੀ ਐਸ ਪੀ ਰੱਖਣ ਦੀ ਪੇਸ਼ਕਸ਼ ਹੋਈ ਸੀ ਤੇ ਉਸ ਨੇ ਨਗਦ ਇਨਾਮ ਵੀ ਦਿੱਤਾ ਸੀ, ਪਰ ਉਸ ਦੀ ਇੱਛਾ ਹੈ ਕਿ ਉਹ ਪੰਜਾਬ ਵਿੱਚ ਹੀ ਨੌਕਰੀ ਕਰੇ। ਉਨ੍ਹਾਂ ਕਿਹਾ ਕਿ ਦਿੱਤੇ ਗਏ ਲੈਟਰਾਂ ਅਨੁਸਾਰ ਪੰਜ ਸਾਲ ਦਾ ਸਮਾਂ ਦਿੱਤਾ ਗਿਆ ਹੈ, ਜਿਸ ਵਿੱਚੋਂ 1 ਸਾਲ ਬੀਤ ਗਿਆ ਹੈ।

ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਦੂਜੇ ਸੂਬੇ ਦੇ ਖਿਡਾਰੀ ਉਨ੍ਹਾਂ ਨੂੰ ਕਹਿੰਦੇ ਸਨ ਕਿ ਪੰਜਾਬ ਸਰਕਾਰ ਤੁਹਾਨੂੰ ਸਭ ਤੋਂ ਪਹਿਲਾਂ ਨੌਕਰੀਆਂ ਦੇਵੇਗੀ, ਪਰ ਹੋਇਆ ਇਸ ਤੋਂ ਉਲਟ। ਇਨ੍ਹਾਂ ਖਿਡਾਰੀਆਂ ਨੇ ਕਿਹਾ ਕਿ ਦੋ ਮਹੀਨੇ ਪਹਿਲਾਂ ਉਨ੍ਹਾਂ ਦੀ ਮੀਟਿੰਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਹੋਈ ਤਾਂ ਉਨ੍ਹਾਂ ਜਲਦੀ ਨੌਕਰੀਆਂ ਦੇਣ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਖਿਡਾਰੀ ਇੰਡੀਅਨ ਆਇਲ, ਪੀ ਐਨ ਬੀ ਤੇ ਹੋਰ ਅਦਾਰਿਆਂ ਵਿੱਚ ਨੌਕਰੀਆਂ ਕਰਦੇ ਹਨ, ਪਰ ਇਹ ਸਾਰੇ ਪੰਜਾਬ ਤੋਂ ਬਾਹਰ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਨੂੰ ਤਰੱਕੀ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਅਜੇ ਤਕ ਉਸ ਨਾਲ ਵੀ ਵਾਅਦਾ ਵਫਾ ਨਹੀਂ ਹੋਇਆ।

## ਰਾਮੂਵਾਲੀਆ ਦਾ ਪੀ ਏ ਲੱਖਾਂ ਦੀ ਚੋਰੀ ਕਰ ਕੇ ਵਿਦੇਸ਼ ਦੌੜਿਆ



ਮੋਗਾ, 24 ਅਗਸਤ, (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆਨਾਲ ਜੁੜਿਆ ਪੀਏ ਗੁਰਪਾਲ ਸਿੰਘ ਪਿੰਡ ਪੱਖਰਵੱਡ, ਅੱਜਕੱਲ੍ਹ ਵਾਸੀ ਨੇੜੇ ਆਸ਼ਰਮ ਜੰਗਪੁਰਾ ਦਿੱਲੀ ਉਨ੍ਹਾਂ ਦੇ ਪਿੰਡ ਰਾਮੂਵਾਲਾ ਨਵਾਂ ਵਾਲੇ ਘਰ ਤੋਂ ਲੱਖਾਂ ਰੁਪਏ ਨਕਦ, ਸੋਨੇ ਦੇ ਗਹਿਣੇ, ਸ਼ੇਅਰ ਲੈ ਕੇ ਭੱਜਗਿਆ ਹੈ। ਇਸ ਬਾਰੇ ਪੁਲਸ ਨੇ ਗੁਰਪਾਲ ਸਿੰਘ, ਉਸ ਦੇ ਜੀਜਾ ਰੇਸ਼ਮ ਸਿੰਘ, ਭੈਣ ਰਾਜ ਕੌਰ ਅਤੇ ਭਾਣਜੀ ਸਮਰਪ੍ਰੀਤ ਕੌਰ ਪਿੰਡ ਸਰਾਵਾਂ ਜੈਤੋ ਫਰੀਦਕੋਟ ਦੇ ਖਿਲਾਫ਼ ਥਾਣਾ ਮਹਿਣਾ ਵਿੱਚ ਵੱਖ-ਵੱਖ ਧਾਰਾਵਾਂ ਦਾਕੇਸ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬਲਵੰਤ ਸਿੰਘ ਰਾਮੂਵਾਲੀਆ ਦੇ ਰਿਸ਼ਤੇਦਾਰ ਬਲਕਾਰ ਸਿੰਘ ਪਿੰਡ ਦਲ ਸਿੰਘ ਵਾਲਾ ਹਾਲ ਵਾਸੀ ਰਾਮੂਵਾਲਾ ਨਵਾਂ ਨੇ ਦੱਸਿਆ ਕਿ ਉਹ 20 ਸਾਲ ਤੋਂ ਬਲਵੰਤ ਸਿੰਘ ਰਾਮੂਵਾਲੀਆਦਾ ਸਾਰਾ ਕਿਤਾਬ ਦੇਖਦਾ ਹੈ। ਉਸ ਨੇ ਕਿਹਾ ਕਿ ਰਾਮੂਵਾਲੀਆ ਨਾਲ ਗੁਰਪਾਲ ਸਿੰਘ ਵਾਸੀ ਪੱਖਰਵੱਡ ਕਾਫ਼ੀ ਸਮੇਂ ਤੋਂ ਪਰਸਨਲ ਸੈਕਟਰੀ ਦਾ ਕੰਮ ਕਰਦਾ ਸੀ ਤੇ ਥੋੜ੍ਹੇ ਸਮੇਂ ਵਿੱਚ ਉਸ ਨੇ ਭਰੋਸਾ ਜਿੱਤ ਲਿਆ ਸੀ, ਪਰ ਹੌਲੀ-ਹੌਲੀ ਪਿੰਡ ਰਾਮੂਵਾਲਾ ਨਵਾਂ ਵਾਲੇ ਘਰਤੋਂ ਕੀਮਤੀ ਸਾਮਾਨ, ਪੈਸੇ, ਗਹਿਣੇ ਆਦਿ ਖਿਸਕਾਉਣ ਲੱਗ ਪਿਆ ਅਤੇ 3 ਮਹੀਨੇ ਪਹਿਲਾਂ ਦੱਸੇ ਬਿਨਾਂ ਵਿਦੇਸ਼ ਭੱਜ ਗਿਆ ਸੀ।ਸਾਨੂੰ ਪਤਾ ਲੱਗਾ ਹੈ ਕਿ ਗੁਰਪਾਲ ਸਿੰਘ ਨੇ ਵਿਦੇਸ਼ ਜਾਣ ਤੋਂ ਪਹਿਲਾਂ ਹੇਰਾਫੇਰੀ ਨਾਲ 30-35 ਤੋਲੇ ਸੋਨਾ, ਜੋ ਬਲਵੰਤ ਸਿੰਘ ਰਾਮੂਵਾਲੀਆ ਦੀ ਮਾਤਾ ਅਤੇ ਪਤਨੀ ਦਾ ਇਸਤਰੀ ਧਨ ਸੀ, ਨਕਦੀ, ਟੋਰਸ ਕੰਪਨੀ ਦੇ ਇਕ ਹਜ਼ਾਰ ਸ਼ੇਅਰ ਆਪਣੇ ਜੀਜੇ ਰੇਸ਼ਮ ਸਿੰਘ, ਭੈਣ ਰਾਜ ਕੌਰ ਤੇ ਭਾਣਜੀ ਸਮਰਪ੍ਰੀਤ ਕੌਰ ਕੋਲ ਰੱਖੇ ਹਨ। ਦੋਸ਼ੀ ਨੇ ਭਰੋਸੇ ਵਿੱਚ ਲੈ ਕੇ ਕਰੀਬ 75 ਲੱਖ ਰੁਪਏ ਦਾ ਕੀਮਤੀ ਸਾਮਾਨ, ਗਹਿਣੇ, ਸ਼ੇਅਰ, ਸਰਟੀਫਿਕੇਟ ਆਦਿ ਚੋਰੀ ਹੋਣ ਦਾ ਪਤਾ ਲੱਗਣ ਉੱਤੇ ਮੈਂ ਇਸ ਬਾਰੇਰਾਮੂਵਾਲੀਆ ਨੂੰ ਦੱਸਿਆਅਤੇ ਆਈਜੀ ਫਰੀਦਕੋਟ ਰੇਂਜ ਨੂੰ ਸ਼ਿਕਾਇਤ ਦਿੱਤੀ, ਜਿਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਕੇਸ ਦਰਜ ਕਰਨ ਦਾ ਹੁਕਮ ਦਿੱਤਾ।ਕੇਸ ਦੀ ਜਾਂਚ ਏ ਐੱਸ ਆਈ ਰਾਜ ਸਿੰਘ ਕਰ ਰਹੇ ਹਨ।

## ਰਾਹ ਨਾ ਦੇਣ ਉੱਤੇ ਛੋਕਰੇ ਨੇ ਸਕੂਲ ਵੈਨ ਉਤੇ ਗੋਲੀਆਂ ਚਲਾਈਆਂ

ਜੰਡਿਆਲਾ ਗੁਰੂ, 24 ਅਗਸਤ (ਪੋਸਟ ਬਿਊਰੋ)- ਜੰਡਿਆਲਾ ਗੁਰੂ ਨੇੜੇ ਕੱਲ੍ਹ ਦੁਪਹਿਰੇ ਢਾਈ ਵਜੇ ਬਾਈਕ ਸਵਾਰ ਇੱਕ ਨੌਜਵਾਨ ਨੇ ਰਸਤਾ ਨਾ ਮਿਲਣ ਉੱਤੇ ਬੱਚਿਆਂ ਨਾਲ ਭਰੀ ਸਕੂਲ ਵੈਨ ਉੱਤੇ ਗੋਲੀਆਂ ਚਲਾ ਦਿੱਤੀਆਂ। ਬੱਸ ਚਾਲਕ ਤੇ ਪਿੰਡ ਦੇ ਲੋਕਾਂ ਨੇ ਦੋਸ਼ੀ ਨੂੰ ਕਿਸੇ ਤਰ੍ਹਾਂ ਕਾਬੂ ਕਰ ਕੇ ਦਰੱਖਤ ਨਾਲ ਬੰਨ੍ਹ ਦਿੱਤਾ। ਜਦੋਂ ਨੌਜਵਾਨ ਨੇ ਗਾਲੀ ਗਲੌਚ ਕੀਤਾ ਤਾਂ ਲੋਕਾਂ ਨੇ ਉਸ ਦੀ ਚੰਗੀ ਤਰ੍ਹਾਂ ਕੁੱਟਮਾਰ ਕੀਤੀ। ਘਟਨਾ ਬਾਰੇ ਪਤਾ ਲੱਗਦੇ ਹੀ ਪੁਲਸ ਮੌਕੇ ਉੱਤੇ ਪਹੁੰਚੀ ਅਤੇ ਵਾਰਦਾਤ ਵਿੱਚ ਵਰਤੀ ਗਈ ਪਿਸਤੌਲ ਕਬਜ਼ੇ ਵਿੱਚ ਲੈ ਲਈ ਹੈ। ਜਾਂਚ ਵਿੱਚਪਤਾ ਲੱਗਾ ਹੈ ਕਿ ਦੋ ਗੋਲੀਆਂ ਚੱਲ ਜਾਣ ਪਿੱਛੋਂ ਤੀਜੀ ਗੋਲੀ ਪਿਸਤੌਲ ਵਿੱਚ ਫਸ ਗਈ ਸੀ।

ਨਵਾਂ ਪਿੰਡ ਦੇ ਹਰਿੰਦਰ ਸਿੰਘ ਨੇ ਦੱਸਿਆ ਕਿ ਉਹ ਇੱਕ ਸਕੂਲ ਦੀ ਬੱਸ ਚਲਾਉਂਦਾ ਹੈ। ਕੱਲ੍ਹ ਦੁਪਹਿਰੇ ਉਹ ਆਪਣੀ ਬੱਸ ਵਿੱਚ ਸਕੂਲ ਦੇ 45 ਬੱਚੇ ਲੈ ਕੇ ਉਨ੍ਹਾਂ ਦੇ ਘਰਾਂ ਵਿੱਚ ਛੱਡਣ ਜਾ ਰਿਹਾ ਸੀ। ਜਦੋਂ ਉਹ ਜਾਣੀਆਂ ਪਿੰਡ ਕੋਲ ਪੁੱਜਾ ਤਾਂ ਪਿੱਛੋਂ ਆਏ ਇੱਕ ਬਾਈਕ ਸਵਾਰ ਨੌਜਵਾਨ ਨੇ ਉਸ ਨੂੰ ਹਾਰਨਦੇਣੇ ਦੇਣੇ ਸ਼ੁਰੂ ਕਰ ਦਿੱਤਾ। ਬੱਸ ਚਾਲਕ ਨੇ ਦੱਸਿਆ ਕਿ ਉਸ ਦੇ ਅੱਗੇ ਇੱਕ ਆਟੋ ਰਿਕਸ਼ਾ ਜਾ ਰਿਹਾ ਹੋਣ ਕਾਰਨ ਉਨ੍ਹਾਂ ਨੂੰ ਵੀ ਸਾਈਡ ਨਹੀਂ ਮਿਲ ਰਹੀ ਸੀ। ਜਿਸ ਦੌਰਾਨ ਬਾਈਕ ਸਵਾਰ ਨੇ ਤੇਜ਼ੀ ਨਾਲ ਕਿਸੇ ਤਰ੍ਹਾਂ ਬਾਈਕ ਲੰਘਾ ਕੇ ਉਨ੍ਹਾਂ ਦੀ ਬੱਸ ਅੱਗੇ ਰੋਕ ਦਿੱਤੀ ਅਤੇ ਬੱਸ ਉੱਤੇ ਦੋ ਗੋਲੀਆਂ ਚਲਾਈਆਂ। ਚਾਲਕ ਤੇ ਕੰਡਕਟਰ ਨੇ ਕਿਸੇ ਤਰ੍ਹਾਂ ਆਪਣਾ ਬਚਾਅ ਕੀਤਾ ਅਤੇ ਉਨ੍ਹਾਂ ਹਿੰਮਤ ਦਿਖਾਈ ਤੇ ਅੱਗੇ ਵੱਧ ਕੇ ਗੋਲੀਆਂ ਚਲਾਉਣ ਵਾਲੇ ਨੌਜਵਾਨ ਨੂੰ ਫੜ ਲਿਆ। ਇਸ ਦੌਰਾਨ ਰਾਹੀ ਵੀ ਉਥੇ ਰੁਕੇ ਅਤੇ ਮਾਮਲਾ ਜਾਨਣ ਤੋਂ ਬਾਅਦ ਬਾਈਕ ਸਵਾਰ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗੇ। ਇੰਨੇ ਵਿੱਚਦੋਸ਼ੀ ਨੌਜਵਾਨ ਨੇ ਲੋਕਾਂ ਨਾਲ ਗਾਲੀ ਗਲੋਚ ਸ਼ੁਰੂ ਕਰ ਦਿੱਤੀ ਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਲੱਗਾ। ਲੋਕਾਂ ਨੇ ਕਿਸੇ ਤਰ੍ਹਾਂ ਉਸ ਦੀ ਪਿਸਤੌਲ ਖੋਹ ਲਈ ਅਤੇ ਉਸ ਨੂੰ ਇੱਕ ਦਰੱਖਤ ਨਾਲ ਬੰਨ੍ਹ ਦਿੱਤਾ। ਇਸ ਮੌਕੇ ਬੱਸ ਚਾਲਕ ਨੇ ਪੁਲਸ ਨੂੰ ਘਟਨਾ ਦੀ ਜਾਣਕਾਰੀ ਦੇ ਦਿੱਤੀ। ਕੁਝ ਦੇਰ ਬਾਅਦ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਗੋਲੀਆਂ ਚਲਾਉਣ ਵਾਲੇ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ, ਜਿਸ ਦੀ ਪਛਾਣ ਜਾਣੀਆਂ ਪਿੰਡਕਾਰਜ ਸਿੰਘ ਵਜੋਂ ਦੱਸੀ ਗਈ ਹੈ।

## ਪਾਕਿ ਡਰੋਨ ਵੱਲੋਂ ਸੁੱਟਿਆ ਵਿਦੇਸ਼ੀ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ

ਫ਼ਿਰੋਜ਼ਪੁਰ, 24 ਅਗਸਤ (ਪੋਸਟ ਬਿਊਰੋ)- ਕੱਲ੍ਹ ਤੜਕੇ ਪਾਕਿਸਤਾਨ ਵੱਲੋਂ ਭਾਰਤੀ ਖੇਤਰ ਵਿੱਚ ਡਰੋਨ ਰਾਹੀਂ ਸੁੱਟੇ ਗਏ ਹਥਿਆਰਾਂ ਦਾ ਜ਼ਖ਼ੀਰਾ ਕੌਮਾਂਤਰੀ ਸਰਹੱਦ ਕੋਲੋਂ ਬਰਾਮਦ ਕੀਤੇ ਜਾਣ ਦੀ ਖ਼ਬਰ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਸਵੇਰੇ ਪੰਜ ਕੁ ਵਜੇ ਪਾਕਿਸਤਾਨ ਵੱਲੋਂ ਭਾਰਤੀ ਖੇਤਰ ਵਿੱਚ ਆਏ ਡਰੋਨ ਨੇ ਰਾਜਾ ਮਹੋਤਮ ਚੌਕੀ ਨੇੜੇ ਪਿੱਲਰ ਪੰਜ ਨੰਬਰ 211/5 ਕੋਲ ਦੋ ਪੈਕਟ (ਥੈਲਿਆਂ ਦੇ ਰੂਪ ਵਿੱਚ) ਸੁੱਟੇ। ਇਸ ਦੌਰਾਨ ਡਿਊਟੀ ਉੱਤੇ ਤਾਇਨਾਤ ਚੌਕਸ ਬੀ ਐਸ ਐਫ ਦੀ 182 ਬਟਾਲੀਅਨ ਦੇ ਜਵਾਨਾਂ ਨੇ ਡਰੋਨ ਉੱਤੇ ਫਾਇਰਿੰਗ ਸ਼ੁਰੂ ਕੀਤੀ ਤਾਂ ਡਰੋਨ ਪਾਕਿਸਤਾਨ ਵੱਲ ਵਾਪਸ ਖਿਸਕ ਗਿਆ। ਬੀ ਐਸ ਐਫ ਦੇ ਅਧਿਕਾਰੀਆਂ ਨੇ ਘਟਨਾ ਸਥਾਨ ਉੱਤੇਕਰਵਾਈ ਤਲਾਸ਼ੀ ਦੌਰਾਨ ਦੋ ਥੈਲਿਆਂ ਵਿੱਚੋਂ ਦੋ ਐਮ-4 ਕਾਰਬਾਈਨਾਂ, ਤਿੰਨ ਏ ਕੇ -47, 2 ਵਿਦੇਸ਼ੀ ਪਿਸਤੌਲ 30 ਬੋਰ ਅਤੇ ਹਥਿਆਰਾਂ ਨਾਲ ਸਬੰਧਤ ਅੱਠ ਮੈਗਜ਼ੀਨ ਬਰਾਮਦ ਕੀਤੇ ਹਨ।

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕઃ +1(647) 274-3207 Whatsapp: +91 97794 39200"

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਸਾਰੀਆਂ ਸੱਮਸਿਆਵਾਂ ਦੇ ਇਲਾਜ ਲਈ
AWARD WINNER RAJNI SHARMA
• ਸਾਰੀਆਂ ਬਿਮਾਰੀਆਂ ਦਾ ਨੈਚੂਰਲ ਢੰਗ ਨਾਲ ਇਲਾਜ ਕੀਤਾ ਜਾਂਦਾ ਹੈ
• ਗਰਨ ਚੁਕ ਅਤੇ ਬੈਕ ਪਰਾਬਲਮ
• ਝਟਕਾ ਪੈਨ ਅਤੇ ਬੱਚੇ ਦੀ ਪਰਾਬਲਮ
• ਮੈਂਟਲ ਹੈਲਥ ਪਰਾਬਲਮ
• ਸਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
RAJNI SHARMA - CALL 647-409-0731
Near Ebenezer & Gore- 45 Carand Crescent, Brampton ON L6P 1H3

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
JUST LISTED FOR SALE IN BRAMPTON
WILLIAMS PKWY / CHINGUACOUSY RD
SOLD
WILLIAMS PKWY / CENTRE ST
WILLIAMS PKWY / ROYAL ORCHARD
QUEEN ST / DIXIE RD
SANDALWOOD / BRAIDWOOD LAKE
HOWDEN BLVD / WILLIAM PRWY
QUEEN ST / MCLAUGHLIN
HWY 10 / BOVAID DR
GOREWAY DR / QUEEN ST E
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
Call JAG AUJLA DIR 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022




REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com




Tri-City
Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
$1,749,900
8337 ਗਲਫ ਲਾਈਨ
$1,950,000
26 Yellow RomeRd
416-802-5866




ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017